
ਤੂੰ ਉਹਦਾ ਨਾਂ
ਰਬਾਬ
ਰੱਖੀਂ..
ਬੇਅੰਤ ਬਰੀਵਾਲਾ

# ਤੂੰ ਉਠਦਾ ਤਾਂ ਰਬਾਬ ਰੱਖੀਂ ।

ਬੇਅੰਤ ਬਰੀਵਾਲਾ



ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

ਇਹ ਨਾਵਲ ਉਹਨਾਂ ਬਜ਼ੁਰਗਾਂ

ਦੇ ਨਾਂ

ਜੋ ਹੱਲਿਆਂ ਚ ਸਭ ਕੁੱਝ ਗਵਾ ਆਏ ਸੀ ।

# ਤੂੰ ਉਹਦਾ ਨਾਂ ਰਬਾਬ ਰੱਖੀਂ

ਬੇਅੰਤ ਬਰੀਵਾਲਾ

Instagram: Beantbariwala

E-mail : bean22g@gmail.com

Mobile No. +91 9041847077

PDF Editor : gurigurpreet498

Published on : 20 July 2024
©Beant Bariwala

www.punjabilibrary.com

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

ਮਿੱਤਰ ਪਿਆਰੇ ਨੂੰ
ਹਾਲ ਮੁਰੀਦਾ ਦਾ ਕਹਿਣਾ ।।

ਮੈਂ ਹਲੇ ਸੁੱਤਾ ਹੀ ਪਿਆ ਸੀ ਕੰਨੀ ਅਚਾਨਕ ਇਹ ਆਵਾਜ਼ ਪਈ, ਇਸ ਆਵਾਜ਼ ਨਾਲ ਮੇਰੀ ਅੱਖ ਖੁੱਲ ਗਈ,, ਪਿੰਡ ਗਿਆ ਹੋਇਆ ਸੀ,,ਐਤਵਾਰ ਦੀ ਛੁੱਟੀ ਹੋਣ ਕਰਕੇ ਸ਼ਨੀਵਾਰ ਸ਼ਾਮ ਨੂੰ ਪਿੰਡ ਚਲਾ ਗਿਆ ਸੀ |
ਆਵਾਜ਼ ਗਲੀ ਚੋਂ ਆ ਰਹੀ ਸੀ,,ਦਰਦ ਭਰੀ ਜਹੀ ਕਿਸੇ ਵਿਯੋਗ ਦੀ ਆਵਾਜ਼,, ਸ਼ਾਇਦ ਏਦਾਂ ਦੀ ਆਵਾਜ਼ ਹੀ 1704 ਚ ਪੋਹ ਦੀ ਸਰਦ ਸਵੇਰ ਨੂੰ ਮਾਛੀਵਾੜੇ ਦੇ ਜੰਗਲ ਚੋਂ ਉਪਜੀ ਹੋਵੇ |

ਹੁਣ ਉਹ ਆਵਾਜ਼ ਹੋਰ ਨੇੜੇ ਆ ਗਈ ਸੀ ਇੱਕ ਲੰਬੀ ਹੇਕ ਗਲੀ ਦੇ ਦੋਵੇਂ ਪਾਸੇ ਬਣੇ ਘਰਾਂ ਦੀਆਂ ਕੰਧਾਂ ਨਾਲ ਟਕਰਾ ਕੇ ਅੰਮ੍ਰਿਤ ਵੇਲੇ ਦੀ ਚੁੱਪ ਚ ਇੱਕ ਸੰਗੀਤ ਛੇੜ ਗਈ ਸੀ,,

ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ.......
ਰੋਗੁ ਰਜਾਈਆਂ ਦਾ ਓਢਣ.....
ਨਾਗ ਨਿਵਾਸਾਂ ਦੇ ਰਹਿਣਾ ।।
ਨਾਗ ਨਿਵਾਸਾਂ ਦੇ ਰਹਿਣਾ...
ਮਿੱਤਰ ਪਿਆਰੇ ਨੂੰ.......

ਪਤਾ ਨਹੀਂ ਉਸ ਆਵਾਜ਼ ਚ ਕੀ ਖਿੱਚ ਸੀ ਮੈਂ ਉੱਠ ਕੇ ਗੇਟ ਵੱਲ ਤੁਰ ਪਿਆ,, ਨਹੀਂ ਤਾਂ ਐਤਵਾਰ ਅੱਗੇ ਮੈਂ ਉਦੋਂ ਤੱਕ ਨਹੀਂ ਉੱਠਦਾ ਜਦ ਤੱਕ ਸੂਰਜ ਸਿਰ ਤੇ ਨਾ ਚੜ੍ਹ ਆਵੇ,ਓਦਾਂ ਵੀ ਹਫ਼ਤੇ ਚ ਇੱਕ ਤਾਂ ਛੁੱਟੀ ਹੁੰਦੀ ਆ,,ਇੱਕ ਹੀ ਤਾਂ ਐਸਾ ਦਿਨ ਹੁੰਦਾ,,ਜਦੋਂ ਸਵੇਰੇ ਅਲਾਰਮ ਵੱਜਦੇ ਨਾਲ ਉੱਠ ਕੇ ਭੱਜਣ ਦਾ ਫ਼ਿਕਰ ਨਹੀਂ ਹੁੰਦਾ,, ਨਾ ਫ਼ਿਕਰ ਹੁੰਦਾ ਕੰਮ ਤੇ ਬੌਸ ਤੋਂ ਮਿਲਣ ਵਾਲੀਆਂ ਝਿੜਕਾਂ ਦਾ |
ਉਦਾਂ ਵੀ ਮੱਧਵਰਗੀ ਪਰਿਵਾਰ ਚ ਵਸਣ ਵਾਲੇ ਲੋਕਾਂ ਇੱਕ ਗੱਲ ਮਸ਼ਹੂਰ ਆ ਕੇ ਨਾ ਸਾਡੀ ਨੀਂਦ ਪੂਰੀ ਹੁੰਦੀ ਆ ਤੇ ਨਾ ਸੁਪਨੇ ||

ਮੈਂ ਉੱਠ ਕੇ ਨੰਗੇ ਪੈਰੀਂ ਹੀ ਗੇਟ ਤੇ ਆ ਗਿਆ ਸੀ,,ਗਲੀ ਚ ਹਲੇ ਮੂੰਹ ਹਨ੍ਹੇਰਾ ਜੇਹਾ ਹੀ ਸੀ,,ਪਰ ਏਹਨਾਂ ਵੀ ਨਹੀਂ ਕੇ ਕੁੱਝ ਦਿਸੇ ਹੀ ਨਾ ਲੋਅ ਪਾਟ ਚੁੱਕੀ ਸੀ , ਓਦਾਂ ਗ੍ਰੰਥੀ ਸਿੰਘ ਤਾਂ ਬਹੁਤ ਪਹਿਲਾਂ ਹੀ ਹੁਕਮਨਾਮਾ ਲੈ ਚੁੱਕਾ ਸੀ |

ਗਲੀ ਚ ਇੱਕ ਬਾਬਾ ਤੁਰਿਆ ਆ ਰਿਹਾ ਸੀ,ਥੋੜ੍ਹਾ ਪਾਗਲ ਜੇਹਾ ਜਾਪਦਾ ਸੀ,,,ਕੱਛ ਚ ਉਹਨੇ ਇੱਕ ਸੋਟੀ ਅੜਾਈ ਹੋਈ ਸੀ ਤੇ ਮੋਢੇ ਇੱਕ ਪੁਰਾਣੀ ਰਬਾਬ ਟੰਗੀ ਹੋਈ ਸੀ,, ਪਰ ਇਹ ਸ਼ਬਦ ਉਹ ਰਬਾਬ

ਤੇ ਨਹੀਂ ਸਗੋਂ ਡਫ਼ਲੀ ਵਜਾ ਕੇ ਗਾ ਰਿਹਾ ਸੀ , ਮੇਰੇ ਤੋਂ ਸਿਰਫ਼ ਢਾਈ ਕੁ ਗ਼ਜ਼ ਦੀ ਦੂਰੀ ਤੇ ਉਹ ਗਾਉਂਦਾ ਆ ਰਿਹਾ,,ਉਹਨੇ ਰੁਕ ਕੇ ਅੱਖਾਂ ਮੀਚ ਪਹਿਲਾਂ ਉੱਚੇ ਸੁਰ ਚ ਇੱਕ ਲੰਬੀ ਹੇਕ ਲਾਈ

ਸੂਲ ਸੁਰਾਹੀ...................
ਸੂਲ ਸੁਰਾਹੀ................

ਫੇਰ ਸੁਰ ਨੀਵਾਂ ਕਰ ਇੱਕ ਮਿੱਠੀ ਲੈਅ ਚ ਅਗਲੀ ਪੰਗਤੀ ਗਾਇਣ ਕੀਤੀ

ਸੂਲ ਸੁਰਾਹੀ ਖੰਜਰੁ ਪਿਆਲਾ............
ਬਿੰਗ ਕਸਾਈਆਂ ਦਾ ਸਹਿਣਾ ।।
ਮਿੱਤਰ ਪਿਆਰੇ ਨੂੰ... ਮਿੱਤਰ ਪਿਆਰੇ ਨੂੰ |

ਅਗਲੇ ਪਲ ਹੀ ਚਾਰ ਪਲਾਂਗਾ ਪੱਟ ਉਹ ਸਾਡੇ ਗੇਟ ਦੇ ਸਾਹਮਣੇ ਸੀ,ਉਹਦੀ ਉਮਰ ਕੋਈ 85 ਦੇ ਲਾਗੇ ਦਾਗੇ ਲੱਗ ਰਹੀ ਸੀ |

ਉਹਨੇ ਇੱਕ ਨਜ਼ਰ ਮੇਰੇ ਚੇਹਰੇ ਤੇ ਮਾਰੀ,, ਉਹਦੀਆਂ ਖੱਬੇ ਹੱਥ ਦੀਆਂ ਉਂਗਲਾਂ ਫੇਰ ਡਫਲ਼ੀ ਦੇ ਰਿਮ ਤੇ ਹਿਲਣ ਲੱਗੀਆਂ, ਸਾਰੀਆਂ ਉਂਗਲਾਂ ਚ ਉਹਦੇ ਛੱਲੇ ਪਾਏ ਹੋਏ ਸੀ,, ਸੱਜਾ ਹੱਥ ਉਹਦਾ ਡਫਲ਼ੀ ਦੀ ਖੱਲ ਤੇ ਨੱਚਣ ਲੱਗਾ ਕਦੇ ਉਂਗਲਾਂ ਤੇ ਕਦੇ ਤਲੀ ਦਾ ਪਿਛਲਾ ਪਾਸਾ..... ਫੇਰ ਅਸਮਾਨ ਵੱਲ ਵੇਖਦਿਆਂ ਉਹਨੇ ਅੰਤਲੀ ਪੰਕਤੀ ਛੋਹੀ.......

ਯਾਰੜੇ ਦਾ ਸਾਨੂੰ ਸੱਥਰੁ ਚੰਗਾ..,,
ਯਾਰੜੇ ਦਾ ਸਾਨੂੰ ਸੱਥਰੁ ਚੰਗਾ..,,
ਭੱਠ ਖੇੜਿਆਂ ਦਾ ਰਹਿਣਾ......
ਮਿੱਤਰ ਪਿਆਰੇ ਨੂੰ,, ਮਿੱਤਰ ਪਿਆਰੇ ਨੂੰ...

ਮੈਂ ਟਿਕ ਟਿਕੀ ਲਗਾਈ ਉਹਦੇ ਵੱਲ ਵੇਖ ਰਿਹਾ ਸੀ,, ਹੋਰ ਕੋਈ ਆਂਢ ਗੁਆਂਢ ਚੋਂ ਬਾਹਰ ਨਹੀਂ ਸੀ ਨਿਕਲਿਆ,, ਸ਼ਾਇਦ ਉਹ ਅੱਗੇ ਵੀ ਪਿੰਡ ਚ ਆਉਂਦਾ ਹੋਵੇ,, ਪਰ ਮੈਂ ਤਾਂ 2007 ਤੋਂ ਬਾਅਦ ਕਦੇ ਪਿੰਡ ਰਿਹਾ ਹੀ ਨਹੀਂ,, ਪਿੰਡ ਚ ਕਿੰਨੇ ਹੀ ਜਵਾਕ ਜਵਾਨ ਹੋ ਗਏ ਜਿੰਨ੍ਹਾਂ ਨੂੰ ਮੈਂ ਜਾਣਦਾ ਵੀ ਨਹੀਂ,,, ਕਿਉਂਕਿ ਕਦੇ ਕਦਾਈਂ ਇੱਕ ਅੱਧੀ ਰਾਤ ਲਈ ਮਸਾਂ ਗੇੜਾ ਵੱਜਦਾ ||

ਉਹ ਮੇਰੇ ਵੱਲ ਵੇਖਦਾ ਬੋਲਿਆ ਹੋਰ ਜਵਾਨਾਂ ਕਿਵੇਂ ਆ??

ਠੀਕ ਆ ਬਾਬਾ ਜੀ,, ਆਜੋ ਬਾਬਾ ਜੀ ਚਾਹ ਪਾਣੀ ਛਕ ਲੋ ਮੈਂ ਉਹਨਾਂ ਵੱਲ ਤੱਕਦਾ ਅੱਖਾਂ ਝਕਾਉਂਦਾ ਬੋਲਿਆ |

ਮੇਰੇ ਏਹਨਾਂ ਕਹਿਣ ਤੇ ਉਹ ਜ਼ੋਰ ਜ਼ੋਰ ਦੀ ਹੱਸਣ ਲੱਗਿਆ |

ਮੈਨੂੰ ਬੜਾ ਅਜ਼ੀਬ ਜੇਹਾ ਲੱਗਾ ਉਹਦਾ ਹਾਸਾ |

ਫੇਰ ਉਹ ਚੁੱਪ ਹੁੰਦਾ ਬੋਲਿਆ,, ਨਹੀਂ ਜਵਾਨਾਂ ਤੇਰਾ ਘਰ ਬਾਹਲਾ ਛੋਟਾ,, ਮੈਂ ਨਹੀਂ ਅੰਦਰ ਆਉਣਾ,, ਉਹ ਕੰਧ ਦਾ ਢੋਹ ਲਾ ਕੇ ਗਲੀ ਚ ਭੁੰਝੇ ਹੀ ਬਹਿ ਗਿਆ,,ਰਬਾਬ ਮੋਢੇ ਤੋਂ ਲਾਹਕੇ ਉਹਨੇ ਕੰਧ ਨਾਲ ਖੜੀ ਕਰ ਦਿੱਤੀ, ਕੱਛ ਵਿਚਲੀ ਸੋਟੀ ਵੀ ਕੰਧ ਨਾਲ ਖੜੀ ਕਰ ਦਿੱਤੀ,, ਪਿੰਜਣੀਆਂ ਤੇ ਉਹਨੇ ਲੀਰਾਂ ਲਪੇਟੀਆਂ ਹੋਈਆਂ ਸੀ |

ਬਾਬਾ ਜੀ ਥੱਲੇ ਮਿੱਟੀ ਤੇ ਕਿਉਂ ਬਹਿ ਗੇ?? ਮੈਂ ਕੁਰਸੀ ਲਿਓਣਾ ਜਾਂ ਅੰਦਰ ਆਜੋ.. ਮੈਂ ਫੇਰ ਪਿਆਰ ਨਾਲ ਕਿਹਾ |

ਉਹ ਮੇਰੇ ਵੱਲ ਵੇਖ ਮੁਸਕਰਾ ਪਿਆ,, ਗਲੀ ਚੋਂ ਬੱਜ਼ਰੀ ਰਲੀ ਮਿੱਟੀ ਦੀ ਮੁੱਠੀ ਭਰਦਾ ਹਵਾ ਚ ਉਡਾਉਂਦਾ ਬੋਲਿਆ...

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ ॥
ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ ॥

ਫੇਰ ਨੀਵੀਂ ਪਾਈ ਧਰਤੀ ਤੇ ਉਂਗਲਾਂ ਨਾਲ ਕੋਰ ਕੰਡੇ ਜਹੇ ਵਾਹੁੰਦਾ ਬੋਲਿਆ,ਬਾਬੇ ਨੇ ਕਿਹਾ ਸੀ ਭੁੰਝੇ ਭੋਇੰ ਤੇ ਬਹਿਣ ਵਾਲਾ ਕਦੇ ਡਿਗਦਾ ਨਹੀਂ ਹੁੰਦਾ |

ਫੇਰ ਅੰਦਰ ਤਾਂ ਆਜੋ ਬਾਬਾ ਜੀ ਕੋਈ ਚਾਹ ਪਾਣੀ ਛਕ ਲੋ,, ਮੈਂ ਕੋਸ਼ਿਸ਼ ਹੋਰ ਕੀਤੀ |

ਚਾਹ ਨਹੀਂ ਮੈਂ ਸਮੁੰਦਰ ਛਕਣਾ ਉਹਨੇ ਸਿਰਫ਼ ਏਨਾਂ ਜਵਾਬ ਦਿੱਤਾ ||

ਮੈਂ ਰਸੋਈ ਵਿੱਚ ਜਾ ਕੇ ਦੁੱਧ ਗਰਮ ਕਰਨ ਲੱਗਾ,, ਰਸੋਈ ਦੇ ਜੰਗਲੇ ਵਿੱਚ ਦੀ ਬਾਹਰ ਦੇਖ ਰਿਹਾ ਸਾਂ,, ਉਹ ਅਜ਼ੀਬ ਜਹੀਆਂ ਹਰਕਤਾਂ ਕਰ ਰਿਹਾ ਸੀ,,ਕਦੇ ਗਲ਼ ਚ ਪਾਈਆਂ ਕਿੰਨੀਆਂ ਹੀ ਮਾਲਾ ਨਾਲ ਖੇਡਣ ਲੱਗ ਜਾਂਦਾ,, ਕਦੇ ਰਬਾਬ ਨੂੰ ਚੁੰਮ ਲੈਂਦਾ |

ਮੈਂ ਗਲਾਸ ਚ ਪਾ ਕੇ ਦੁੱਧ ਲਿਜਾ ਕੇ ਫੜਾਉਂਦਿਆ ਕਿਹਾ ਲਓ ਬਾਬਾ ਜੀ ਸਮੁੰਦਰ ਛਕੋ |

ਉਹਨੇ ਚੁੱਪ ਚਾਪ ਦੁੱਧ ਦਾ ਗਲਾਸ ਫੜ ਲਿਆ ਤੇ ਬੋਲਿਆ ਜਵਾਨਾ ਗੁੱਸਾ ਨਾ ਕਰੀਂ ਮੈਂ ਕਿਹਾ ਤੇਰਾ ਘਰ ਛੋਟਾ..|
ਦਰਅਸਲ ਮੇਰੇ ਖ਼ਸਮ ਦਾ ਘਰ ਬਾਹਲਾ ਵੱਡਾ,, ਜਿਸ ਘਰ ਚ ਬਹਿ ਕੇ ਉਹ ਸਾਰਿਆਂ ਨੂੰ ਸੰਭਾਲਦਾ ਪਿਆ..ਫੇਰ ਉਹ ਉੱਪਰ ਆਸਮਾਨ ਵੱਲ ਮੂੰਹ ਕਰਦਾ ਬੋਲਿਆ...

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ||

ਫੇਰ ਉਹਨੇ ਗਲਾਸ ਰਬਾਬ ਨਾਲ ਲਾ ਦਿੱਤਾ ਲੈ ਰਬਾਬ ਸਮੁੰਦਰ ਛਕ ਲਾ,, ਇੱਕ ਦੁੱਧ ਦੀ ਲਾਈਨ ਜਹੀ ਸੱਪ ਵਾਂਗੂ ਵਲੇਵੇਂ ਖਾਂਦੀ ਥੱਲੇ ਵਗ ਗਈ,, ਬਾਕੀ ਦੁੱਧ ਉਹ ਆਪ ਪੀਣ ਲੱਗਾ |

ਉਹਦੀ ਦੁੱਧ ਚਿੱਟੀ ਦਾਹੜੀ ਤੇ ਕੰਨਾਂ ਤੋਂ ਉੱਪਰ ਦੀ ਗੋਲ ਕਾਲਾ ਪਰਨਾ ਲਪੇਟਿਆ ਹੋਇਆ ਸੀ,, ਓਦਾਂ ਭਾਵੇਂ ਮੈਨੂੰ ਪੀਰਾਂ ਫ਼ਕੀਰਾਂ ਨੂੰ ਮਿਲਣ ਦੇ ਮੌਕੇ ਮਿਲਦੇ ਰਹੇ ਆ,, ਜਿੱਦਾਂ ਮੈਕਲੋਡਗੰਜ ਬੁੱਧੀਸ਼,, ਹਰਿਦੁਆਰ ਤੇ ਰਿਸ਼ੀਕੇਸ਼ ਉਦਾਸੀ ਤੇ ਸਿੰਨਿਆਸੀ ਸਾਧੂ,, ਬਨਾਰਸ ਚ ਅਘੋਰੀ ਤੇ ਕਬੀਰ ਪੰਥੀ |

ਪਰ ਇਸ ਬਾਬੇ ਚ ਪਤਾ ਨਹੀਂ ਕੀ ਵੱਖਰਾ ਸੀ, ਮੇਰੀਆਂ ਅੱਖਾਂ ਇੱਕ ਮਿੰਟ ਤੋਂ ਵੱਧ ਉਹਦੇ ਚੇਹਰੇ ਵੱਲ ਨਹੀਂ ਸੀ ਵੇਖ ਸਕਦੀਆਂ |

ਮੇਰਾ ਇੱਕ ਸ਼ੁਰੂ ਤੋਂ ਹੀ ਸੁਭਾਅ ਰਿਹਾ ਪੀਰਾਂ ਫ਼ਕੀਰਾਂ ਨਾਲ ਵਾਰਤਾਲਾਪ ਕਰਨ ਦਾ,,, ਓਦਾਂ ਹੀ ਬਾਬੇ ਨੂੰ ਵੀ ਪੁੱਛ ਲਿਆ ਕੇ ਅੱਜ ਕੱਲ੍ਹ ਲੋਕਾਂ ਦੇ ਮਨਾਂ ਚ ਏਨੀ ਖਿੱਝ ਕਿਉਂ ਆ,, ਕਿਉਂ ਮਨ ਤਪੇ ਰਹਿੰਦੇ ਆ,, ਟਿਕਾਓ ਕਿਉਂ ਨਹੀਂ ਆ,,ਕਿਉਂ ਆ ਏਨੀ ਨਿਰਾਸ਼ਾ ਭਰੀ ਆ ਲੋਕਾਂ ਦੀ ਜ਼ਿੰਦਗੀ??

ਉਹਨੇ ਮੇਰੇ ਚਿਹਰੇ ਵੱਲ ਤੱਕਿਆ ਤੇ ਮੇਰੇ ਏਨੇ ਸ਼ਬਦਾਂ ਦੇ ਸਵਾਲਾਂ ਦਾ ਸਿਰਫ਼ ਇੱਕੋ ਹੀ ਜਵਾਬ ਦਿੱਤਾ....

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥

ਸਮਝਿਆ ਨਹੀਂ ਬਾਬਾ ਜੀ,, ਮੈਂ ਫ਼ੇਰ ਸਵਾਲ ਕਰ ਦਿੱਤਾ...?

ਇਸ ਵਾਰ ਉਹ ਹੱਸ ਪਿਆ ਤੇ ਬੋਲਿਆ....

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ।।

ਜਦੋਂ ਅਸੀਂ ਉਸ ਰੱਬ ਨੂੰ ਭੁੱਲ ਜਾਨੇ ਓਦੋਂ ਦੁੱਖ ਕਲੇਸ਼ ਚਿੰਬੜ ਜਾਂਦੇ ਆ |

ਪਰ ਬਾਬਾ ਜੀ ਲੋਕਾਂ ਚ ਹੁਣ ਮੋਹ ਪਿਆਰ ਨਹੀਂ ਰਿਹਾ,, ਪਹਿਲਾਂ ਪਿਆਰ ਤੇ ਇੱਜਤ ਸੀ,, ਓਦੋਂ ਲੋਕ ਰਿਸ਼ਤੇ ਚੁਣਦੇ ਸੀ,, ਪੈਸਾ ਨਹੀਂ |

ਮੇਰੇ ਏਨਾਂ ਕਹਿਣ ਤੇ ਉਹ ਜ਼ੋਰ ਜ਼ੋਰ ਦੀ ਹੱਸ ਪਿਆ ਤੇ ਬੋਲਿਆ,, ਜਵਾਨਾਂ ਦੁਨੀਆਂ ਦਾ ਸਭ ਤੋਂ ਪੁਰਾਣਾ ਗ੍ਰੰਥ ਰਿਗਵੇਦ ਆ,, ਉਹਦੇ ਚ ਪਤਾ ਕੀ ਲਿਖਿਆ,,,??

ਮੈਂ ਹੈਰਾਨ ਹੁੰਦਿਆਂ ਪੁੱਛਿਆ ਕੀ ਬਾਬਾ ਜੀ??

ਉਹਦੇ ਚ ਲਿਖਿਆ ਕੇ ਪਹਿਲਾਂ ਲੋਕ ਚੰਗੇ ਤੇ ਧਰਮੀ ਹੁੰਦੇ ਸੀ,, ਹੁਣ ਲੋਕ ਬੁਰੇ ਹੋ ਗਏ ਆ ਤੇ ਧਰਮੀ ਨਹੀਂ ਰਹੇ |

ਨਾਲੇ ਸਾਰੇ ਲੋਕ ਕਦੇ ਵੀ ਚੰਗੇ ਨਹੀਂ ਸਨ ਤੇ ਨਾ ਸਾਰੇ ਕਦੇ ਮਾੜੇ ਸਨ,, ਕਲਯੁਗ ਦੇ ਅਵਤਾਰ ਨੇ 5 ਸੌ ਸਾਲ ਪਹਿਲਾਂ ਕਹਿ ਤਾ ਸੀ...

ਨਾਨਕ ਦੁਨੀਆ ਕੈਸੀ ਹੋਈ ।। ਸਾਲਕੁ ਮਿਤੁ ਨ ਰਹਿਓ ਕੋਈ ।।

ਫਿਰ ਅਚਾਨਕ ਰੁਕ ਕੇ ਬੋਲਿਆ ਜਵਾਨਾਂ ਚੰਗੇ ਕੰਮ ਕਰੀਂ ਰੱਬ ਤੇਰਾ ਕਦੇ ਮਾੜਾ ਨਹੀਂ ਹੋਣ ਦਿੰਦਾ..

ਜੇਹਾ ਬੀਜੈ ਸੋ ਲੁਣੇ
ਕਰਮਾ ਸੰਦੜਾ ਖੇਤੁ ।।

ਮੈਂ ਚੁੱਪ ਚਾਪ ਹੁੰਗਾਰਾ ਭਰ ਰਿਹਾ ਸੀ,,
ਜਿੱਦਾਂ ਦੇ ਕਰਮ ਕਰੇਂ ਗਾਂ ਓਦਾਂ ਦਾ ਹੀ ਮਿਲਣਾ ਜਵਾਨਾਂ ਤੈਨੂੰ,,ਜੇ ਭਾਂਡੇ ਚ ਸ਼ਰਾਬ ਪਾਈਏ ਉਸ ਭਾਂਡੇ ਚੋਂ ਸ਼ਰਾਬ ਹੀ ਨਿਕਲਦੀ ਆ ਕਦੇ ਦੁੱਧ ਨਹੀਂ ਨਿਕਲਦਾ |

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ।।

ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ।।

ਉਹ ਦੁੱਧ ਪੀਅ ਕੇ ਮਿੱਟੀ ਨਾਲ ਗਲਾਸ ਮਾਂਜਨ ਲੱਗਾ,, ਮੈਂ ਰੋਕਿਆ ਨਹੀਂ ਨਹੀਂ ਬਾਬਾ ਜੀ ਇਹ ਕੀ,, ਪਲੀਜ਼ ਧੋ ਲੈਣਾ ਮੈਂ ਫੜਾਓ ਤੁਸੀ |

ਉਹ ਬੋਲਿਆ ਕਦੇ ਗੁਰੂ ਘਰ ਲੰਗਰ ਛਕਿਆ,,??
ਉਥੇ ਵੀ ਜਵਾਨਾਂ ਆਪ ਹੀ ਆਵਦੇ ਭਾਂਡੇ ਮਾਂਜ ਕੇ ਰੱਖੀ ਦੇ ਆ,, ਇਹ ਵੀ ਉਸ ਗੁਰੂ ਦਾ ਲੰਗਰ ਛਕਿਆ ਤੇਰੇ ਹੱਥੋਂ ||

ਚੰਗਾ ਜਵਾਨਾਂ ਅਸੀਂ ਚਲਦੇ ਆਂ,, ਨਗਰੀ ਵਸਦੀ ਭਲੀ ਸਾਧੂ ਚਲਦੇ ਭਲੇ,,,, ਚੱਲ ਰਬਾਬ ਚੱਲੀਏ..
ਉਹ ਉੱਠ ਕੇ ਕੰਧ ਨਾਲ ਖੜੀ ਕੀਤੀ ਰਬਾਬ ਚੱਕਣ ਲੱਗਾ ||

ਅਚਾਨਕ ਮੇਰੇ ਮੂੰਹੋ ਨਿਕਲਿਆ ਬਾਬਾ ਤੁਹਾਡੀ ਰਬਾਬ ਬੜੀ ਪਿਆਰੀ ਆ |

ਕੀ ਕਿਹਾ ਇੱਕ ਵਾਰ ਫੇਰ ਤੋਂ ਕਹੀਂ ਜਰਾ ਕੁ,,ਉਹ ਮੇਰੇ ਵੱਲ ਪੂਰਾ ਧਿਆਨ ਦਿੰਦਾ ਬੋਲਿਆ..|

ਮੈਂ ਕਿਹਾ ਬਾਬਾ ਤੁਹਾਡੀ ਰਬਾਬ ਬੜੀ ਪਿਆਰੀ ਆ .. ਮੈਂ ਆਪਣੀ ਗੱਲ ਫੇਰ ਤੋਂ ਦੁਹਰਾ ਦਿੱਤੀ ||
ਮੇਰੇ ਏਨਾਂ ਕਹਿੰਦਿਆ ਓਹਦੇ ਚਿਹਰੇ ਤੇ ਇੱਕ ਖੁਸ਼ੀ ਦੀ ਲਹਿਰ ਦੌੜ ਗਈ,,ਫੇਰ ਅਚਾਨਕ ਉਹਦੀਆਂ ਨਿੱਕੀਆਂ ਅੱਖਾਂ ਸੁੰਗੜ ਕੇ ਹੋਰ ਨਿੱਕੀਆਂ ਹੋ ਗਈਆਂ ਜਿੰਨ੍ਹਾਂ ਚ ਪਾਣੀ ਭਰ ਆਇਆ ਤੇ ਬੁੱਲ੍ਹ ਕੰਬਣ ਲੱਗੇ |

ਉਹ ਅੰਦਰੋਂ ਸ਼ਬਦ ਇਕੱਠੇ ਕਰਦਾ ਮਸਾਂ ਹੀ ਥਿੜਕਦੀ ਆਵਾਜ਼ ਚ ਬੋਲਿਆ...ਤੂੰ ਰਬਾਬ ਵੇਖੀਂ ਆ ?
ਹੁਣ ਕਿਵੇਂ ਦੀ ਲਗਦੀ ਆ ??
ਮੈਨੂੰ ਇੱਕ ਵਾਰੀ ਲੈ ਚੱਲ ਉਹਦੇ ਕੋਲੇ,, ਬੱਸ ਇੱਕ ਵਾਰੀ,, ਮੈਂ ਦੂਰੋਂ ਵੇਖ ਕੇ ਮੁੜ ਆਊ ਪੱਕਾ ਰਿਹਾ |ਓਦਾਂ ਵੀ ਹੁਣ ਮੈਨੂੰ ਸਿਆਣਨਾ ਨਹੀਂ ਆ ਉਹਨੇ ਹੁਣ ਤਾਂ ਕਿੰਨੀ ਹੀ ਵੱਡੀ ਹੋ ਗੀ ਹੋਊ |

ਮੈਂ ਉਹਦੇ ਮੂੰਹ ਵੱਲ ਤੱਕ ਰਿਹਾ ਸੀ,,ਕਿਉਂਕਿ ਮੈਂ ਤਾਂ ਉਹਦੇ ਕੋਲ ਕੰਧ ਨਾਲ ਲਾ ਕੇ ਰੱਖੀ ਪੁਰਾਣੀ ਜਹੀ ਰਬਾਬ ਦੀ ਗੱਲ ਕਰ ਰਿਹਾ ਸਾਂ,,ਜਿਸ ਨਾਲ ਸਾਡਾ ਬੜਾ ਪੁਰਾਣਾ ਰਿਸ਼ਤਾ ਰਿਹਾ, ਜਿਸ ਰਬਾਬ ਵੱਲ ਹੱਥ ਕਰਕੇ ਕਲਯੁਗ ਦੇ ਅਵਤਾਰ ਆਖਿਆ ਕਰਦੇ ਸਨ ,

ਮਰਦਾਨਿਆ ਰਬਾਬ ਛੇੜ ਬਾਣੀ ਆਈ ਆ,,

ਜਿਸ ਰਬਾਬ ਦੀ ਮਿੱਠੀ ਧੁਨ ਤੇ ਉਚਾਰਿਆ ਸੀ....

ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ ।।
ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ ।।
ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ ।।

ਕਦੇ ਏਸੇ ਰਬਾਬ ਦੀ ਧੁਨ ਤੇ ਉਸ ਵਕ਼ਤ ਦੀ ਇੱਕ ਵੱਡੀ ਹਕੂਮਤ ਨੂੰ ਲਲਕਾਰਿਆ ਸੀ..
ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ।।
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ।।
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ।।

ਪਰ ਬਾਬਾ ਪਤਾ ਨਹੀਂ ਕਿਸ ਰਬਾਬ ਨੂੰ ਚੇਤੇ ਕਰ ਰਿਹਾ ਸੀ |ਕਿਸ ਰਬਾਬ ਨੂੰ ਦੂਰੋਂ ਵੇਖਣ ਦੀਆਂ ਗੱਲਾਂ ਕਰ ਰਿਹਾ ਸੀ, ਪਤਾ ਨਹੀਂ ਕਿਸ ਰਬਾਬ ਨੇ ਪਛਾਣਨਾ ਨਹੀਂ ਸੀ ਉਹਨੂੰ ||

ਪਰ ਬਾਬੇ ਦੀ ਇਸ ਗੱਲ ਨੇ ਮੇਰੀ ਦਿਲ ਚਸਪੀ ਹੋਰ ਵਧਾ ਦਿੱਤੀ ਸੀ |

ਹਾਂ ਜੀ ਕਿਸ ਰਬਾਬ ਦੀ ਗੱਲ ਕਰਦੇ ਹੋ?? ਮੈਂ ਉਹਦੇ ਵੱਲ ਤੱਕਦਿਆਂ ਪੁੱਛਿਆ |

ਮੇਰੀ ਨਿੱਕੀ ਲਾਡਲੀ ਗੁੱਡੀ ਰਬਾਬ,, ਉਹ ਜਿਹੜੀ ਰਬੜ ਦੀ ਗੁੱਡੀ ਵਰਗੀ ਆ,,.. ਨਹੀਂ ਹੁਣ ਤਾਂ ਬਹੁਤ ਵੱਡੀ ਹੋਗੀ ਹੋਣੀ,, ਤੂੰ ਤਾਂ ਹੁਣੇ ਕਹਿ ਕੇ ਹਟਿਆ ਸੀ ਕੇ ਮੇਰੀ ਰਬਾਬ ਬਹੁਤ ਸੋਹਣੀ ਆ ਤੂੰ ਕਿਥੇ ਦੇਖੀ??ਨਹੀਂ ਜ਼ਰੂਰ ਤੈਨੂੰ ਭੁਲੇਖਾ ਲੱਗਾ ਹੋਣਾ,, ਪਰ ਤੂੰ ਝੂਠ ਕਿਉਂ ਬੋਲੇ ਗਾਂ ਮੇਰੇ ਨਾਲ....ਬਾਬਾ ਪਤਾ ਨਹੀਂ ਕੀ ਕੀ ਬੋਲੀ ਜਾ ਰਿਹਾ ਸੀ |

ਫ਼ੇਰ ਅਚਾਨਕ ਓਹਨੇ ਦੋਵਾਂ ਅੱਖਾਂ ਬੰਦ ਕਰ ਲਈਆਂ ਤੇ ਜ਼ਮੀਨ ਤੇ ਚੌਂਕੜੀ ਮਾਰ ਕੇ ਬਹਿ ਗਿਆ | ਦੋਨਾਂ ਹੱਥਾਂ ਦੀਆਂ ਮੁੱਠੀਆਂ ਬੰਦ ਕਰ ਇੱਕ ਦੂਜੇ ਦੇ ਉੱਤੇ ਰੱਖਦਾ ਬੋਲਿਆ.... ਭੰਡਾ ਭੰਡਾਰੀਆਂ ਕਿੰਨਾਂ ਕੁ ਭਾਰ

ਮੇਰੇ ਮੂੰਹੋ ਸੁਭਾਵਿਕ ਹੀ ਨਿਕਲ ਗਿਆ ਇੱਕ ਮੁੱਠੀ ਚੱਕ ਲਾ ਦੂਜੀ ਤਿਆਰ..|

ਮੇਰੇ ਏਨਾਂ ਕਹਿਣ ਦੀ ਦੇਰ ਸੀ ਉਹਦੀਆਂ ਅੱਖਾਂ ਇਕਦਮ ਖੁੱਲੀਆਂ ਜਿਵੇਂ ਕੋਈ ਭਗਤੀ ਚ ਬੈਠਾ ਸ਼ਿਵ ਭਗਤ ਅਚਾਨਕ ਅੱਖਾਂ ਖੋਲ੍ਹਦਾ ਹੈ |

ਤੂੰ ਮਿਲਿਆਂ ਨਾ ਰਬਾਬ ਨੂੰ ?,, ਤੂੰ ਜਾਣਦਾ ਨਾ ਉਹਦੇ ਬਾਰੇ ?ਤੈਨੂੰ ਪਤਾ ਹੋਊ ਉਹ ਕਿਥੇ ਰਹਿੰਦੀ,, ਰੱਬ ਦਾ ਵਾਸਤਾ ਮੈਨੂੰ ਇੱਕ ਵਾਰ ਰਬਾਬ ਨਾਲ ਮਿਲਾ ਦੇ,, ਸਿਰਫ਼ ਇੱਕ ਵਾਰ,, ਮੈਂ ਦੂਰੋਂ ਵੇਖ ਕੇ ਮੁੜ ਆਉ ਗਾਂ ਮੇਰੇ ਬੱਚੜੇ.... ਇਸ ਵਾਰ ਉਹਦੀਆਂ ਅੱਖਾਂ ਚ ਅੰਤਾਂ ਦਾ ਤਰਲਾ ਸੀ |
ਮੈਨੂੰ ਕੁੱਝ ਵੀ ਸਮਝ ਨਹੀਂ ਸੀ ਆ ਰਿਹਾ,, ਅਗਰ ਸਮਝ ਆ ਰਹੀ ਸੀ ਤਾਂ ਬਾਬੇ ਦੀਆਂ ਅੱਖਾਂ ਵਿਚਲੀ ਪੀੜ ਤੇ ਸ਼ਬਦਾਂ ਵਿਚਲਾ ਤਰਲਾ ਜਿਸਦੇ ਬੋਲ ਸੀ....
ਰੱਬ ਦਾ ਵਾਸਤਾ ਮੈਨੂੰ ਇੱਕ ਵਾਰ ਰਬਾਬ ਨਾਲ ਮਿਲਾ ਦੇ,, ਸਿਰਫ਼ ਇੱਕ ਵਾਰ,, ਮੈਂ ਦੂਰੋਂ ਵੇਖ ਕੇ ਮੁੜ ਆਉ ਗਾਂ ਮੇਰੇ ਬੱਚੜੇ...||

ਮੈਨੂੰ ਏਨਾਂ ਤਾਂ ਪਤਾ ਲੱਗ ਗਿਆ ਸੀ ਕੇ ਬਾਬਾ ਇਸ ਕਾਲੇ ਕਪੜਿਆਂ ਚ ਛੁਪਾਏ ਸਰੀਰ ਤੇ ਇੱਕ ਵੱਡੀ ਪੀੜ ਦਾ ਬੋਝ ਚੱਕੀ ਫਿਰਦਾ |

ਪਰ ਮੈਨੂੰ ਸਮਝ ਇਹ ਨਹੀਂ ਸੀ ਆ ਰਿਹਾ ਕੇ ਗੱਲ ਸ਼ੁਰੂ ਕਿਵੇਂ ਕਰਾਂ!
ਮੈਂ ਡਰ ਰਿਹਾ ਸੀ ਕੇ ਕਿਤੇ ਮੇਰੀ ਛੇੜੀ ਗੱਲ ਬਾਬੇ ਦੇ ਜਖਮਾਂ ਤੋਂ ਅਤੀਤ ਦੇ ਉਹ ਖਰੀਂਡ ਨਾ ਉਚੇੜ ਦੇਵੇ,, ਜੋ ਸ਼ਾਇਦ ਵਕ਼ਤ ਨੇ ਬੜੀ ਮੁਸ਼ਕਿਲ ਨਾਲ ਭਰੇ ਹੋਣ ||

ਬਾਬੇ ਦੀਆਂ ਬੁੱਢੀਆਂ ਤੇ ਕਮਜ਼ੋਰ ਉਂਗਲਾਂ ਹਿੱਲੀਆਂ,,ਉਹੀ ਬੁੱਢੀਆਂ ਉਂਗਲਾਂ ਜੋ ਥੋੜੀ ਦੇਰ ਪਹਿਲਾਂ ਡਫਲੀ ਦੇ ਰਿਮ ਤੇ ਉਸ ਵਿਚਲੇ ਚਮੜੇ ਤੇ ਨੱਚ ਕੇ ਮਿੱਠਾ ਸੰਗੀਤ ਛੇੜ ਰਹੀਆਂ ਸਨ,, ਜਿਸ ਸੰਗੀਤ ਦੀ ਲੈਅ ਤੇ ਉਪਜੇ ਅਨੰਦਮਈ ਵਾਕਾਂ...
" ਮਿੱਤਰ ਪਿਆਰੇ ਨੂੰ ਹਾਲ ਮੁਰੀਦਾ ਦਾ "
ਨੇ ਮੈਨੂੰ ਨੀਂਦ ਚੋਂ ਜਗ੍ਹਾ ਲਿਆ ਸੀ |

ਉਹ ਉਂਗਲਾਂ ਹਿੱਲੀਆਂ ਬਾਬੇ ਨੇ ਉਹ ਉਂਗਲਾਂ ਗੀਝੇ ਵਿੱਚ ਪਾ ਕੇ ਇੱਕ ਪੁਰਾਣਾ ਜੇਹਾ ਗੁਛੂ ਮੁਛੂ ਕਰਕੇ ਗੀਝੇ ਚ ਪਾਇਆ ਮੈਲਾ ਜੇਹਾ ਰੁਮਾਲ ਕੱਢਿਆ |

ਮੇਰੇ ਸਾਹਮਣੇ ਹੀ ਉਹ ਰੁਮਾਲ ਦੀਆਂ ਗੰਢਾ ਖੋਲਣ ਲੱਗਾ, ਬਾਬੇ ਦਾ ਪੂਰਾ ਧਿਆਨ ਉਸ ਗੁਛੂ ਮੁਛੂ ਕੀਤੇ ਰੁਮਾਲ ਤੇ ਸੀ ਤੇ ਮੇਰਾ ਧਿਆਨ ਕਦੇ ਉਹਦੇ ਲਚਾਰ ਚਿਹਰੇ ਤੇ ਚਲਾ ਜਾਂਦਾ ਕਦੇ ਉਹਦੇ ਕੰਬਦੇ ਹੱਥਾਂ ਤੇ ਜੋ ਰੁਮਾਲ ਦੀਆਂ ਗੰਢਾ ਖੋਲ ਰਹੇ ਸਨ |

ਰੁਮਾਲ ਦੀਆਂ ਗੰਢਾ ਖੋਲ ਕੇ ਉਹਨੇ ਉਹਦੇ ਚੋਂ ਇੱਕ ਨਿੱਕੀ ਜਹੀ ਗੁਥਲੀ ਕੱਢੀ,, ਮੈਂ ਬੜੀ ਹੈਰਾਨੀ ਨਾਲ ਸਭ ਦੇਖ ਕੇ ਰਿਹਾ ਸੀ ਪਤਾ ਨਹੀਂ ਬਾਬਾ ਕਿਹੜੀ ਗਿੱਦੜਸਿੰਗੀ ਦੇਣ ਲੱਗਾ ਮੈਨੂੰ |

ਉਹਨੇ ਗੁਥਲੀ ਚੋਂ ਨਿੱਕਾ ਜੇਹਾ ਸਗਲਾ ਕੱਢਿਆ ਜਿਸ ਨੂੰ ਤਿੰਨ ਜਗ੍ਹਾ ਘੁੰਗਰੂ ਲੱਗੇ ਹੋਏ ਸਨ | ਨਿੱਕਾ ਜੇਹਾ ਜਿਵੇਂ ਕਿਸੇ ਚਾਰ ਪੰਜ ਸਾਲ ਦੇ ਬੱਚੇ ਦੀ ਲੱਤ ਦਾ ਸਗਲਾ ਹੁੰਦਾ,, ਹੁਣ ਤਾ ਕਾਲਾ ਜੇਹਾ ਹੋਇਆ ਪਿਆ ਸੀ,, ਉਦਾਂ ਚਾਂਦੀ ਦਾ ਲੱਗ ਰਿਹਾ ਸੀ |

ਉਸ ਸਗਲੇ ਨੂੰ ਵੇਖ ਬਾਬੇ ਦੀਆਂ ਅੱਖਾਂ ਚੋਂ ਤ੍ਰਪਕ ਤ੍ਰਪਕ ਹੰਝੂ ਚੋਣ ਲੱਗੇ ਉਹਦੀ ਦੁੱਧ ਚਿੱਟੀ ਦਾਹੜੀ ਹੰਝੂਆਂ ਨਾਲ ਭਰ ਗਈ |

ਅੱਖਾਂ ਤਾ ਮੇਰੀਆਂ ਵੀ ਨਮ ਸਨ,, ਪਰ ਉਹਨੂੰ ਚੁੱਪ ਕਿਵੇਂ ਕਰਾਵਾਂ ਇਹ ਨਹੀਂ ਸੀ ਸਮਝ ਆ ਰਿਹਾ,,, ਬੱਸ ਜਿੰਨੀ ਕੁ ਮੇਰੀ ਸੋਚ ਕੰਮ ਕਰਦੀ ਸੀ,, ਉਹਨਾਂ ਕੁ ਬੋਲ ਦਿੱਤਾ ਇਹ ਨਹੀਂ ਸੀ ਪਤਾ ਕੇ ਇਸਦੇ ਅਰਥ ਕੀ ਨਿਕਲਣੇ ਆ ਜਾਂ ਇਹ ਗੱਲ ਬੋਲਣੀ ਸਹੀ ਵੀ ਕੇ ਨਹੀਂ |

ਪਰ ਫ਼ੇਰ ਵੀ ਬੋਲ ਦਿੱਤਾ... ਬਾਬਾ ਜੀ ਮੈਂ ਤਾਂ ਸੁਣਿਆ ਸੀ,, ਪੀਰ ਫ਼ਕੀਰ ਮੋਹ ਮਾਇਆ ਤੋਂ ਨਿਰਲੇਪ ਹੁੰਦੇ ਆ,, ਉਹਨਾਂ ਨੂੰ ਆਏ ਦਾ ਚਾਅ ਤੇ ਗਏ ਦਾ ਗ਼ਮ ਨਹੀਂ ਹੁੰਦਾ ਤੁਸੀ ਤਾਂ ਰੋ ਰਹੇ ਹੋ??

ਉਹ ਉਸੇ ਤਰ੍ਹਾਂ ਨੀਵੀਂ ਪਾਈ ਬੈਠਾ ਬੋਲਿਆ....

ਘਰ ਬਾਰ ਛੱਡ ਕੇ ਫ਼ਕੀਰ ਜਿਹੜੇ ਹੋਏ ਨੇ,,

ਉਹਵੀ ਏਥੇ ਮੋਏ ਸੱਜਣਾ ਨੂੰ ਰੋਏ ਨੇ....

ਨਾਲ਼ੇ ਏਥੇ ਤਾਂ ਦੇਵੀ ਦੇਵਤੇ ਤੇ ਪੈਂਗਬੰਰ ਰੋਵਦੇਂ ਗਏ ਆ,,ਸ੍ਰੀ ਰਾਮ ਚੰਦਰ,, ਇੰਦਰ ਦੇਵਤਾ,ਰਾਵਣ,ਪਾਂਡਵ,, ਸਿੱਧ ਜੋਗੀ,,ਪੀਰ ਮਸਾਇਕ ਸਭ ਹੀ ਰੋਏ ਆ ਏਥੇ......

ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥
ਪਰਸ ਰਾਮੁ ਰੋਵੈ ਘਰਿ ਆਇਆ ॥
ਅਜੈ ਸੁ ਰੋਵੈ ਭੀਖਿਆ ਖਾਇ ॥
ਐਸੀ ਦਰਗਹ ਮਿਲੈ ਸਜਾਇ ॥
ਰੋਵੈ ਰਾਮੁ ਨਿਕਾਲਾ ਭਇਆ ॥
ਸੀਤਾ ਲਖਮਣੁ ਵਿਛੁੜਿ ਗਇਆ ॥
ਰੋਵੈ ਦਹਸਿਰੁ ਲੰਕ ਗਵਾਇ ॥

ਜਿਨਿ ਸੀਤਾ ਆਦੀ ਡਉਰੂ ਵਾਇ ॥
ਰੋਵਹਿ ਪਾਂਡਵ ਭਏ ਮਜੂਰ ॥
ਜਿਨ ਕੈ ਸੁਆਮੀ ਰਹਤ ਹਦੂਰਿ ॥
ਰੋਵੈ ਜਨਮੇਜਾ ਖੁਇ ਗਇਆ ॥
ਏਕੀ ਕਾਰਣਿ ਪਾਪੀ ਭਇਆ ॥
ਰੋਵਹਿ ਸੇਖ ਮਸਾਇਕ ਪੀਰ ॥
ਅੰਤਿ ਕਾਲਿ ਮਤੁ ਲਾਗੈ ਭੀੜ ॥
ਰੋਵਹਿ ਰਾਜੇ ਕੰਨ ਪੜਾਇ ॥
ਘਰਿ ਘਰਿ ਮਾਗਹਿ ਭੀਖਿਆ ਜਾਇ ॥
ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥
ਪੰਡਿਤ ਰੋਵਹਿ ਗਿਆਨੁ ਗਵਾਇ ॥
ਬਾਲੀ ਰੋਵੈ ਨਾਹਿ ਭਤਾਰੁ ॥
ਨਾਨਕ ਦੁਖੀਆ ਸਭੁ ਸੰਸਾਰੁ ||

ਉਹ ਉਸੇ ਤਰ੍ਹਾਂ ਚੌਂਕੜੀ ਮਾਰ ਕੇ ਗਲੀ ਚ ਕੰਧ ਨਾਲ ਢੋਹ ਲਾ ਕੇ ਬੈਠਾ ਸੀ,, ਮੈਂ ਉਸਦੇ ਸਾਹਮਣੇ ਖੜ੍ਹਾ ਉਸ ਵੱਲ ਵੇਖ ਰਿਹਾ ਸੀ |

ਉਹਨੇ ਗਲ਼ ਪਾਏ ਕਾਲੇ ਚੋਲੇ ਦੀ ਕਫ਼ ਨਾਲ ਅੱਖਾਂ ਪੂੰਝੀਆਂ ਫ਼ੇਰ ਉਹਨੇ ਖੰਘੂਰਾ ਮਾਰ ਕੇ ਰੋਣ ਨਾਲ ਭਰਿਆ ਗ਼ਲਾ ਸਾਫ ਕੀਤਾ,,
ਤੇ ਅੱਖਾਂ ਉੱਪਰ ਚੱਕ ਮੇਰੇ ਵੱਲ ਵੇਖਿਆ,,ਤੇ ਉਹ ਸਗਲਾ ਮੇਰੇ ਵੱਲ ਵਧਾ ਦਿੱਤਾ ਤੇ ਬੋਲਿਆ....ਕੁੱਝ ਮੰਗਣ ਲੱਗਿਆ ਵੇਖੀਂ ਕਿਤੇ ਨਾਂਹ ਨਾ ਕਰੀਂ,, ਹੱਥ ਉਰਾਂ ਕਰ |

ਮੈਂ ਆਪਣਾ ਸੱਜਾ ਹੱਥ ਅੱਗੇ ਵਧਾ ਦਿੱਤਾ,, ਉਹਨੇ ਸਗਲਾ ਮੇਰੇ ਹੱਥ ਤੇ ਰੱਖ ਕੇ ਮੇਰੀ ਮੁੱਠੀ ਬੰਦ ਕਰ ਦਿੱਤੀ ਤੇ ਬੋਲਿਆ ਇਹ ਨਾ ਰਬਾਬ ਦਾ,, ਮੇਰੇ ਕੋਲ ਇੱਕ ਹੀ ਆ ਇੱਕ ਉਹਦੇ ਕੋਲ ਆ,, ਤੂੰ ਇਹ ਉਹਨੂੰ ਦੇ ਦੇਵੀਂ,, ਆਖੀਂ ਤੇਰੇ ਦਾ,ਦਾ ਨੇ ਦਿੱਤਾ ||ਵੇਖੀਂ ਮੇਰੇ ਬੱਚੜੇ ਨਾਂਹ ਨਾ ਕਰੀਂ |

ਪਰ ਬਾਬਾ ਜੀ ਮੈਂ ਤਾਂ ਕਿਸੇ ਰਬਾਬ ਨੂੰ ਜਾਣਦਾ ਹੀ ਨਹੀਂ,, ਮੇਰੀ ਤਾਂ ਕਿਸੇ ਰਿਸ਼ਤੇਦਾਰੀ ਚ ਵੀ ਕੋਈ ਰਬਾਬ ਨਹੀਂ ਆ  ਮੈਂ ਸਗਲਾ ਵਾਪਸ ਕਰਦਿਆਂ ਬਾਬੇ ਨੂੰ ਸਪਸ਼ਟੀਕਰਨ ਦਿੱਤਾ |

ਉਹ ਸਗਲਾ ਫੜ ਵਾਪਸ ਗੁਥਲੀ ਚ ਪਾਉਂਦਾ ਬੋਲਿਆ,, ਅੱਛਾ ਤੂੰ ਵੀ ਨਹੀਂ ਜਾਣਦਾ ਮੇਰੀ ਰਬਾਬ ਨੂੰ,,ਏਥੇ ਕੋਈ ਵੀ ਨਹੀਂ ਜਾਣਦਾ ਮੇਰੀ ਰਬਾਬ ਨੂੰ ,ਲੋਕ ਕਿੰਨੇ ਜਾਲਮ ਆ,, ਕੋਈ ਵੀ ਮੈਨੂੰ ਰਬਾਬ

ਬਾਰੇ ਨਹੀਂ ਦੱਸਦਾ |
ਮੈਂ ਇਹ ਰਬਾਬ ਨੂੰ ਜ਼ਰੂਰ ਦੇਣਾ,, ਨਹੀਂ ਤਾਂ ਬੇਬੇ ਨੂੰ ਮੂੰਹ ਨਹੀਂ ਦਿਖਾ ਹੋਣਾ,, ਬੇਬੇ ਨੇ ਮੇਰੇ ਆਸਰੇ ਹੀ ਤਾਂ ਛੱਡਿਆ ਸੀ ਰਬਾਬ ਨੂੰ ||ਮੈਂ ਬੇਬੇ ਨਾਲ ਕੀਤਾ ਵਾਅਦਾ ਨਹੀਂ ਨਿਭਾ ਰਿਹਾ,,ਜੋ ਮਾਂ ਦੀ ਗੱਲ ਤੇ ਖਰਾ ਨਾ ਉੱਤਰੇ ਉਹ ਪੁੱਤ ਨਹੀਂ ਕਪੁੱਤ ਹੁੰਦਾ,, ਨਹੀਂ ਨਹੀਂ ਮੈਂ ਕਪੁੱਤ ਬਣਕੇ ਨਹੀਂ ਮਰਨਾ ਨਾਲੇ ਰਬਾਬ ਨੇ ਵੀ ਬੇਬੇ ਨਾਲੋਂ ਪਹਿਲਾਂ ਦਾ,ਦਾ  ਕਹਿਣਾ ਸਿੱਖਿਆ ਸੀ ਮੀਨਾ ਦੀ ਰੀਸ ਨਾਲ | ਬਾਬਾ ਹੁਣ ਫ਼ੇਰ, ਕੱਲ੍ਹਾ ਹੀ ਬੋਲੀ ਜਾ ਰਿਹਾ ਸੀ ਜੋ ਗੱਲਾਂ ਮੇਰੇ ਸਿਰ ਤੋਂ ਲੰਘ ਰਹੀਆਂ ਸਨ |

ਬਾਬਾ ਜੀ ਰਬਾਬ ਦੀ ਕੋਈ ਫੋਟੋ ਹੈਗੀ ਤਾਂ ਆਪਾਂ ਅਖ਼ਬਾਰ ਚ ਕਢਵਾ ਦਿੰਨੇ ਆਂ ਜਾਂ ਮੈਂ ਇੰਸਟਾਗ੍ਰਾਮ ਤੇ ਪਾ ਦਿੰਨਾ ਆਪਾਂ ਨੂੰ ਕੋਈ ਨਾ ਕੋਈ ਪਤਾ ਲੱਗ ਜਾਉ... ਮੈਂ ਤਰਸ ਕਰਦਿਆਂ ਕਿਹਾ |

ਨਹੀਂ ਫੋਟੋ ਤਾਂ ਹੈਣੀ ਬੱਚੜੇ ਕੋਈ ਮੇਰੇ ਕੋਲ,, ਕੱਲ੍ਹਾ ਨਾਂ ਲਿਖ ਕੇ ਨਹੀਂ ਲੱਭਦੀ ਬੱਚੜੇ?? ਬਾਬੇ ਨੂੰ ਡੁੱਬਦੀ ਆਸ ਦਾ ਆਖ਼ਰੀ ਸਿਰਾ ਫੜਨ ਦੀ ਕੋਸ਼ਿਸ ਕੀਤੀ  |

ਏਦਾਂ ਤਾਂ ਬਾਬਾ ਜੀ ਲੱਖਾਂ ਰਬਾਬ ਹੋਣ ਗੀਆਂ ਦੁਨੀਆਂ ਚ,, ਏਦਾਂ ਤਾਂ ਔਖਾ ਮੈਂ ਨੀਵੀਂ ਪਾ ਕੇ ਜਵਾਬ ਦਿੱਤਾ,, ਪਰ ਇੱਕ ਤਰੀਕਾ ਹੈਗਾ ਮੈਂ ਚਿਹਰੇ ਤੇ ਮੁਸਕਾਨ ਲਿਉਂਦਿਆ ਕਿਹਾ ||

ਮੇਰੀ ਗੱਲ ਸੁਣ ਬਾਬੇ ਦੀਆਂ ਅੱਖਾਂ ਚ ਚਮਕ ਆ ਗਈ,, ਉਹਦੀ ਬੁੱਝਦੀ ਹੋਈ ਆਸ ਦੀ ਕਿਰਨ ਫ਼ੇਰ ਚਮਕ ਉੱਠੀ,, ਉਹ ਬਜਾਏ ਤਰੀਕਾ ਪੁੱਛਣ ਦੇ ਬੋਲਿਆ... ਪੁੱਤ ਰੱਬ ਤੈਨੂੰ ਬਾਹਲਾ ਦੇਵੇ,,ਤੇਰੇ ਘਰ ਕਿਸੇ ਚੀਜ਼ ਦੀ ਘਾਟ ਨਾ ਰਹਿਣ ਦੇਵੇ,, ਸੱਚਾ ਸਤਿਗੁਰੂ ਤੇਰੇ ਮੇਹਰ ਭਰਿਆ ਹੱਥ ਰੱਖ ਹਮੇਸ਼ਾ ||

ਮੈਂ ਪੋਸਟ ਪਾਉਣ ਲਈ ਮੋਬਾਈਲ ਕੱਢ ਲਿਆ,, ਜਿਵੇਂ ਮੈਨੂੰ ਲੱਗ ਰਿਹਾ ਸੀ ਏਦਾਂ ਕਰਨ ਨਾਲ ਬਾਬੇ ਦੀ ਰਬਾਬ ਹੁਣੇ ਹੀ ਲੱਭ ਜਾਣੀ ਆ |ਜਿਵੇਂ ਇਹ ਮੋਬਾਈਲ ਫੋਨ ਨਾ ਅਲਾਦੀਨ ਦਾ ਚਿਰਾਗ਼ ਹੋਵੇ ਜਿਸ ਨੂੰ ਰਗੜਨ ਨਾਲ ਰਬਾਬ ਨੇ ਇਸ ਵਿੱਚੋਂ ਹੁਣੇ ਪ੍ਰਗਟ ਹੋ ਜਾਣਾ ਹੋਵੇ... ਬਾਬਾ ਜੀ ਕਿੰਨੀ ਕੁ ਉਮਰ ਸੀ ਰਬਾਬ ਦੀ ਗੁਆਚਣ ਵੇਲੇ??

ਬਾਬਾ ਦਿਮਾਗ ਤੇ ਜ਼ੋਰ ਪਾਉਂਦਾ ਬੋਲਿਆ ਕੋਈ ਚਾਰ ਪੰਜ ਵਰ੍ਹੇਆਂ ਦੀ ਹੋਣੀ ਆ?? ਮੇਰੇ ਬੱਚੜੇ ਗੁਆਚਣ ਵੇਲੇ |

ਕਿੱਥੇ ਗਵਾਚੀ ਸੀ ਬਾਬਾ ਜੀ ਰਬਾਬ?? ਮੈਂ ਨਾਂ ਤੇ ਉਮਰ ਟਾਇਪ ਕਰਨ ਤੋਂ ਬਾਅਦ ਅਗਲਾ ਸਵਾਲ ਪੁੱਛਿਆ ||

ਬਹਾਵਲਪੁਰ...||

ਬਾਬੇ ਦੇ ਮੂੰਹੋ ਬਹਾਵਲਪੁਰ ਸੁਣ ਮੇਰੇ ਹੱਥੋਂ ਫੋਨ ਡਿਗਦਾ ਮਸਾਂ ਹੀ ਬਚਿਆ..,, ਕਿਉਂਕਿ ਬਹਾਵਲਪੁਰ ਤਾਂ ਪਕਿਸਤਾਨ ਚ,, ਮੇਰੇ ਦਾਦੇ ਤੋਂ ਬੜੇ ਵਾਰ ਸੁਣ ਰੱਖਿਆ ਸੀ,, ਕਿਉਂਕਿ ਮੇਰੇ ਦਾਦੇ ਦੇ ਨਾਨਕੇ ਬਹਾਵਲਪੁਰ ਰਹਿੰਦੇ ਸੀ,,ਨਿੱਕੇ ਹੁੰਦਿਆਂ ਬੜੀਆਂ ਕਹਾਣੀਆਂ ਸੁਣੀਆਂ ਸੀ,, ਬਹਾਵਲਪੁਰ ਦੇ ਨੂਰਮਹੱਲ ਤੇ ਦਰਬਾਰ ਮਹੱਲ ਦੀਆਂ ਤਸਵੀਰਾਂ ਤਾਂ ਜਾਣੋ ਅੱਖਾਂ ਚ ਵਸੀਆਂ ਪਈਆਂ ਸੀ |

ਬਹਾਵਲਪੁਰ ਸ਼ਬਦ ਸੁਣਨ ਤੋਂ ਬਾਅਦ ਮੈਨੂੰ ਬਾਬਾ ਸੱਚ ਮੁੱਚ ਹੀ ਪਾਗਲ ਜੇਹਾ ਲੱਗਿਆ,,ਫ਼ੇਰ ਵੀ ਮੈਂ ਤਸੱਲੀ ਲਈ ਪੁੱਛਣਾ ਠੀਕ ਸਮਝਿਆ ਕਿਉਂਕਿ ਬਹਾਵਲਪੁਰ ਪਿੰਡ ਆਪਣੇ ਫਿਰੋਜ਼ਪੁਰ ਜ਼ਿਲ੍ਹੇ ਚ ਵੀ ਪੈਂਦਾ,, ਬਾਬਾ ਜੀ ਕਿਹੜਾ ਬਹਾਵਲਪੁਰ??

ਆਹ ਜਿਹੜਾ ਹੁਣ ਪਾਕਸਤਾਨ ਚ ਆ ਮੇਰੇ ਬੱਚੜੇ.. ਉਹ ਵਾਲਾ... ਇਸ ਵਾਰ ਬਾਬੇ ਦੀ ਗੱਲ ਜਾਣੋ ਮੇਰਾ ਸਿਰ ਘੁਮਾ ਗਈ ਸੀ |

ਮੈਂ ਆਖ਼ਰੀ ਸਵਾਲ ਕੀਤਾ ਬਾਬਾ ਜੀ ਕਦੋ ਗੁਆਚੀ ਸੀ ਤੁਹਾਡੀ ਰਬਾਬ??
ਬਾਬਾ ਪਤਾ ਨਹੀਂ ਕਿਸ ਦੁਨੀਆਂ ਚ ਗੁਆਚ ਗਿਆ ਸੀ,,
ਬਾਬਾ ਜੀ "ਓ" ਬਾਬਾ ਜੀ.. ਕਿੱਥੇ ਗੁਆਚ ਗਏ ਹੋ,, ਮੈਂ ਦੋ ਬੋਲ ਹੋਰ ਮਾਰੇ |

ਹੱਲਿਆਂ ਚ... ਗਵਾਚੀ ਸੀ.. ਮੇਰੇ ਬੱਚੜੇ.. ਬਾਬੇ ਦੇ ਅੰਦਰੋਂ ਇੱਕ ਦਰਦ ਭਰੀ ਆਵਾਜ਼ ਨਿਕਲੀ |

ਹੱਲੇ ਸ਼ਬਦ ਸੁਣਦਿਆਂ ਮੇਰੇ ਦਿਮਾਗ ਨੂੰ ਸੁੰਨ ਚੜ੍ਹ ਗਈ ਪੂਰੇ ਸਰੀਰ ਤੇ ਲੂੰ ਕੰਡਾ ਖੜ੍ਹਾ ਹੋ ਗਿਆ.... ਅੱਖਾਂ ਅੱਗੇ ਕਦੇ ਸਾਡੇ ਪਿੰਡ ਵਾਲਾ ਬਾਬਾ ਜੈਮਲ ਸਿੰਘ ਤੇ ਕਦੇ ਅੰਬੋ ਸੰਤੀ ਘੁੰਮ ਗਈ,, ਜੋ ਮਰਨ ਤੱਕ ਬੂਹੇ ਤੇ ਬੈਠੀ ਪਾਕਿਸਤਾਨ ਰਹਿ ਗਏ ਆਪਣੇ ਪੁੱਤ ਨੂੰ ਉਡੀਕਦੀ ਰਹੀ ਸੀ,|

ਦਾਦੇ ਕੋਲੋਂ ਬਚਪਨ ਚ ਸੁਣੀਆਂ ਅਨੇਕਾਂ ਕਹਾਣੀਆਂ ਦਿਮਾਗ ਦੇ ਆਸੇ ਪਾਸੇ ਜੰਮ ਗਈਆਂ,, ਜਿਵੇਂ ਠੰਡੇ ਪਾਣੀ ਦੇ ਗਲਾਸ ਦੇ ਆਸੇ ਪਾਸੇ ਪਾਣੀ ਦੀਆਂ ਬੂੰਦਾਂ ਜੰਮ ਜਾਂਦੀਆਂ ਨੇ..|
ਅਨੇਕਾਂ ਉਹ ਕੁੜੀਆਂ ਦਿਮਾਗ ਚ ਆ ਰਹੀਆਂ ਸਨ,, ਜੋ ਕੱਲੀਆਂ ਉਧਰ ਰਹਿ ਗਈਆਂ ਸਨ,, ਕਿਸੇ ਪਿਓ ਕੋਲੋਂ ਰੇਲ ਫੜਨ ਵਕ਼ਤ ਧੀ ਦਾ ਹੱਥ ਛੁੱਟ ਗਿਆ ਸੀ ਤੇ ਭੀੜ ਉਹਦੀਆਂ ਅੱਖਾਂ ਸਾਹਮਣੇ ਲੈ ਗਈ ਸੀ ਮੋਢਿਆਂ ਤੇ ਚੱਕ ਕੇ ਉਹਦੀ ਜਵਾਨ ਧੀ ਨੂੰ ||

ਅਨੇਕਾਂ ਭਰਾਵਾਂ ਨੇ ਖੁਦ ਵੱਢ ਕੇ ਸੁੱਟ ਦਿੱਤੀਆਂ ਸਨ ਜਵਾਨ ਭੈਣਾ ਖੂਹਾਂ ਵਿੱਚ ਕੇ ਰਾਹ ਚ ਕੋਈ ਲੁੱਟ ਨਾ ਲਵੇ ਉਹਨਾਂ ਦੀ ਇੱਜਤ ||

ਅਨੇਕਾਂ ਔਰਤਾਂ ਜਿੰਨ੍ਹਾਂ ਦੇ ਪਤੀਆਂ ਨੂੰ ਮਾਰ ਕੇ ਉਹਨਾਂ ਨੂੰ ਬੰਦੀ ਬਣਾ ਕੇ ਰੱਖ ਲਿਆ ਗਿਆ ਸੀ ਘਰਾਂ ਵਿੱਚ ਆਪਣੀਆਂ ਤੀਵੀਆਂ ਬਣਾ ਕੇ ਜੋ ਸਾਰੀ ਉਮਰ ਭਾਰਤ ਆ ਗਏ ਆਪਣੇ ਮਾਂ ਪਿਓ ਨੂੰ ਮਿਲਣ ਨੂੰ ਝੂਰਦੀਆਂ ਰਹੀਆਂ ||

ਅਨੇਕਾਂ ਬੱਚੀਆਂ ਦੀਆਂ ਚੀਕਾਂ ਮੇਰੇ ਕੰਨਾਂ ਚ ਚੀਕਣ ਲੱਗੀਆਂ ਜਿੰਨ੍ਹਾਂ ਬਾਰੇ ਸੋਹਣ ਸਿੰਘ ਸ਼ੀਤਲ ਦੇ ਨਾਵਲਾਂ ਤੇ ਸਅਦਤ ਹਸਨ ਮੰਟੋ ਦੀਆਂ ਕਹਾਣੀਆਂ ਚ ਕਿੰਨੀ ਵਾਰ ਪੜ੍ਹ ਚੁੱਕਾਂ ਸਾਂ,ਉਹਨਾਂ ਦਾ ਅੱਖੀਂ ਵੇਖਿਆ ਹਾਲ,,ਉਹ ਮਾਸੂਮ ਬੱਚੀਆਂ ਦੀਆਂ ਚੀਕਾਂ ਜਿੰਨ੍ਹਾਂ ਦਾ ਜਿਸਮ ਦਸ ਦਸ ਵਹਸ਼ੀ ਦਰਿੰਦਿਆ ਨੋਚ ਲਿਆ ਸੀ ਧਰਮ ਕਮਾਉਣ ਖ਼ਾਤਰ.. ਜੋ ਰਿਫਊਜ਼ੀ ਕੈਂਪਾਂ ਚ ਤੜਫ਼ ਤੜਫ਼ ਦਮ ਤੋੜ ਗਈਆਂ ਸਨ |

ਯਾਦ ਆ ਗਈ ਬਾਰਵੀਂ ਜਮਾਤ ਚ ਪੜ੍ਹੀ ਪ੍ਰਿੰਸੀਪਲ ਤੇਜਾ ਸਿੰਘ ਦੀ ਸਰੈ-ਜੀਵਨੀ "ਆਰਸੀ" ਦੀ ਉਹ ਘਟਨਾ ਜਦੋਂ ਅੰਮ੍ਰਿਤਸਰ ਦੇ ਬਜ਼ਾਰਾਂ ਚ ਮੁਸਲਿਮ ਔਰਤਾਂ ਨੂੰ ਨੰਗੇ ਕਰਕੇ ਤੋਰਿਆ ਗਿਆ ਸੀ,, ਜਦੋਂ ਪ੍ਰਿੰਸੀਪਲ ਤੇਜਾ ਸਿੰਘ ਨੇ ਇਸ ਘਟਨਾ ਦੀ ਨਿੰਦਾ ਕੀਤੀ ਸੀ ਤਾਂ ਕਹਿ ਦਿੱਤਾ ਗਿਆ ਸੀ,, ਤੂੰ ਸਿੱਖਾਂ ਦੀ ਸਪਿਰਟ ਖ਼ਤਮ ਕਰ ਰਿਹਾਂ |

ਅੱਖਾਂ ਅੱਗੇ ਘੁੰਮ ਗਿਆ "ਜੱਸੜ" ਦਾ ਲਹੂ ਭਰਿਆ ਰੇਲਵੇ ਸਟੇਸ਼ਨ ਮਤਲਬ ਪਕਿਸਤਾਨ ਦਾ ਉਹ ਆਖ਼ਰੀ ਸਟੇਸ਼ਨ ਜਿੱਥੇ ਟ੍ਰੇਨਾਂ ਰੋਕ ਕੇ ਸਾਰੇ ਹਿੰਦੂ ਸਿੱਖ ਮਾਰ ਦਿੱਤੇ ਗਏ ਸੀ,, ਔਰਤਾਂ ਦੀਆਂ ਦੁੱਧ ਵਾਲੀਆਂ ਛਾਤੀਆਂ ਕੱਟ ਦਿੱਤੀਆਂ ਗਈਆਂ ਸਨ,, ਲਾਸ਼ਾਂ ਦੀਆਂ ਭਰੀਆਂ ਸੱਤ ਟ੍ਰੇਨਾਂ ਡੇਰਾ ਬਾਬਾ ਨਾਨਕ ਪਹੁੰਚੀਆਂ ਸਨ |

ਯਾਦ ਆਗੀ ਬਹਾਵਲਪੁਰ ਤੇ ਲਾਹੌਰ ਤੋਂ ਹਿੰਦੂ ਸਿੱਖਾਂ ਦੀ ਭਰੀ ਰੇਲਗੱਡੀ ਜਿਸ ਨੂੰ ਗੰਡਾ ਸਿੰਘ ਵਾਲਾ ਸਟੇਸ਼ਨ ਤੇ ਨਿਸ਼ਾਨਾ ਬਣਾਇਆ ਗਿਆ ਸੀ,, ਉਸ ਲਾਸ਼ਾਂ ਨਾਲ ਭਰੀ ਰੇਲਗੱਡੀ ਨੂੰ ਹੁਸੈਨੀਵਾਲੇ ਰੇਲਵੇ ਸਟੇਸ਼ਨ ਤੇ ਲਿਆਉਣ ਵਾਲੇ ਗਾਰਡ
"ਬਾਲ ਕ੍ਰਿਸ਼ਨ" ਦੇ ਬੇਟੇ ਦੀ Youtube ਤੇ ਦੇਖੀ ਇੰਟਰਵਿਊ,,,

ਅੰਮ੍ਰਿਤਸਰ ਰੇਲਵੇ ਸਟੇਸ਼ਨ ਦੀ ਖ਼ੂਨੀ ਖੇਡ ਅੱਖਾਂ ਅੱਗੇ ਘੁੰਮ ਗਈ,, ਜਿੱਥੇ ਦਿੱਲੀ ਤੋਂ ਮੁਸਲਮਾਨਾਂ

ਭਰਕੇ ਆਈ ਰੇਲ ਗੱਡੀ ਰੋਕ ਕੇ 3000 ਹਜ਼ਾਰ ਮੁਸਲਿਮ ਲੋਕ ਮਾਰ ਦਿੱਤੇ ਸਨ,, ਔਰਤਾਂ ਨੂੰ ਮੋਢਿਆਂ ਤੇ ਚੱਕ ਕੇ ਲੈ ਗਏ ਸਨ ਚਰੀਆਂ ਕਮਾਦਾਂ ਵਿੱਚ ਕੀਤੇ ਗਏ ਬਲਾਤਕਾਰ ਤੇ ਉਹ ਭੁੱਖੀਆਂ ਪਿਆਸੀਆਂ ਚੀਖ ਵੀ ਨਾ ਸਕੀਆਂ ,,
ਗੁਰੂ ਦੀ ਪਵਿੱਤਰ ਨਗਰੀ ਅੰਮ੍ਰਿਤਸਰ ਵਿੱਚ ਵਾਪਰੀ 22 ਸਤੰਬਰ 1947 ਦੀ ਉਹ ਘਟਨਾ,, ਜਿਸ ਤੇ ਬੜੇ ਆਰਟੀਕਲ ਪੜ੍ਹ ਚੁੱਕਾ ਸੀ ਮੈਂ |ਜਿਨ੍ਹਾਂ ਵਿੱਚੋਂ ਸਿਰਫ਼ 100 ਲੋਕ ਹੀ ਜਿਓਂਦੇ ਲਾਹੌਰ ਪਹੁੰਚੇ ਸਨ ||

ਕਦੇ ਦਿਮਾਗ ਦੀ ਤਹਿ ਤੇ ਜੰਮ ਗਿਆ ਕੰਮੋਕੀ ਦਾ ਰੇਲਵੇ ਸਟੇਸ਼ਨ ਦਾ ਖ਼ੂਨ ਭਰਿਆ ਮੰਜਰ,,ਜਿੱਥੇ ਅੰਮ੍ਰਿਤਸਰ ਵਾਲੀ ਘਟਨਾ ਦਾ ਜਵਾਬ ਦੇਣ ਲਈ,, 24 ਸਤੰਬਰ 1947 ਨੂੰ ਮੁਸਲਿਮ ਲੀਗੀਆਂ ਨੇ ਰਾਵਲਪਿੰਡੀ ਤੇ ਗੁੱਜਰਾਂਵਾਲੇ ਤੋਂ ਆ ਰਹੀ ਰੇਲ ਰੋਕ ਕੇ 3350 ਹਿੰਦੂ ਸਿੱਖ ਗੰਡਾਸਿਆਂ ਤੇ ਟੋਕਿਆਂ ਨਾਲ ਵੱਢ ਦਿੱਤੇ ਸਨ,,,

ਉਹਨਾਂ ਦੀਆਂ ਪਤਨੀਆਂ ਤੇ ਧੀਆਂ ਨੂੰ ਚੁੱਕ ਕੇ ਘਰਾਂ ਚ ਲੈ ਗਏ ਸਨ,,ਜਿੰਨ੍ਹਾਂ ਦੀ ਸਰਕਾਰੀ ਰਿਕਾਰਡ ਚ ਗਿਣਤੀ 800 ਦੱਸੀ ਗਈ ਆ,,ਜਿੰਨਾਂ ਨੂੰ ਮੁਸਲਿਮ ਲੀਗੀ ਚੁੱਕ ਕੇ ਲੈ ਗਏ ਸੀ,,ਸਾਰਾ ਸਟੇਸ਼ਨ ਲਹੂ ਨਾਲ ਲੱਥ ਪੱਥ ਹੋ ਗਿਆ,,,12-12 ਸਾਲ ਦੀਆਂ ਕੁੜੀਆਂ ਨਾਲ ਕਰਦੇ ਰਹੇ ਸਨ 20-20 ਲੋਕ ਬਲਾਤਕਾਰ.... ਆਪਣੇ ਮਜ਼੍ਹਬ ਚ ਪੱਕੇ ਹੋਣ ਦੇ ਸਬੂਤ ਦਿੰਦੇ ਰਹੇ ਸਨ |

ਮੇਰੇ ਬੱਚੜੇ ਓਏ ਮੇਰੇ ਬੱਚੜੇ ਕਿੱਥੇ ਗਵਾਚ ਗਿਆਂ?? ਬਾਬੇ ਨੇ ਮੇਰੀ ਲੱਤ ਨੂੰ ਫੜ ਝੰਜੋੜਿਆ...||

ਹਾਂ ਜੀ ਹਾਂ ਜੀ ਬਾਬਾ ਜੀ.. ਮੈਂ ਉਹਨਾਂ ਕਹਾਣੀਆਂ ਚੋਂ ਬਾਹਰ ਆ ਗਿਆ,, ||

ਮਖਿਆ ਦੇਖ ਖਾਂ ਜਰਾ ਧਿਆਨ ਨਾਲ,,,ਕਿਸੇ ਨੇ ਦੱਸਿਆ ਰਬਾਬ ਬਾਰੇ?? ਉਹਨੂੰ ਲੱਗਾ ਸੀ,, ਜਿਵੇਂ ਏਦਾਂ ਮੋਬਾਈਲ ਚੋਂ ਹੁਣੇ ਹੀ ਰਬਾਬ ਲੱਭ ਜਾਣੀ |
ਬਾਬਾ ਜੀ ਕੀ ਹੋਇਆ ਸੀ ਉਸ ਰਾਤ?? ਮੈਂ ਸਿੱਧਾ ਹੀ ਸਵਾਲ ਕਰ ਦਿੱਤਾ,, ਪਤਾ ਮੈਨੂੰ ਵੀ ਸੀ ਕੇ ਬਾਬੇ ਦੀ ਕਹਾਣੀ ਵੀ ਉਹਨਾਂ ਕਹਾਣੀ ਵਾਂਗ ਹੀ ਹੋਵੇ ਗੀ,,ਜਿੰਨ੍ਹਾਂ ਬਾਰੇ ਮੈਂ ਆਰਟੀਕਲ ਪੜ੍ਹ ਚੁੱਕੇ ਸੀ,, ਬੜੇ ਉਹ ਨਾਵਲ ਕਹਾਣੀਆਂ ਜਿੰਨ੍ਹਾਂ ਅੱਖੀਂ ਡਿੱਠੇ ਹਾਲ ਲਿਖੇ ਸੀ,, ਅਨੇਕਾਂ ਕਿੱਸੇ ਜੋ ਮੈਂ ਨਿੱਕੇ ਹੁੰਦੇ ਸਾਡੇ ਪਿੰਡ ਵਾਲੇ ਪਨਾਹਗੀਰਾਂ ਦੇ ਫੱਟੇ ਤੇ ਸੁਣੇ ਸੀ,|

ਮੇਰੀ ਗੱਲ ਸੁਣ ਬਾਬਾ ਕੰਬ ਗਿਆ,, ਜਿਵੇਂ ਮੈਂ ਉਹਦੀ ਕਿਸੇ ਦੁਖਦੀ ਰਗ ਤੇ ਹੱਥ ਰੱਖ ਦਿੱਤਾ ਹੋਵੇ |

ਇਹ ਤਾਂ ਲੰਬੀ ਕਹਾਣੀ ਆ ਮੇਰੇ ਬੱਚੜੇ... ਓਦੋਂ ਦੀ ਜਦੋਂ ਹਿੰਦੂ ਮੁਸਲਮਾਨ ਸਿੱਖ ਕੱਠੇ ਰਹਿੰਦੇ ਹੁੰਦੇ ਸੀ,,ਸਾਰਿਆਂ ਦੀਆਂ ਈਦ ਦੀਵਾਲੀਆਂ ਸਾਂਝੀਆਂ ਹੁੰਦੀਆਂ ਸਨ |

ਫ਼ੇਰ ਨਫਰਤ ਦੀ ਇੱਕ ਐਸੀ ਹਨ੍ਹੇਰੀ ਆਈ ਜੋ ਮੁਹੱਬਤ ਦੇ ਰੁੱਖਾਂ ਨੂੰ ਜੜਾਂ ਤੋਂ ਪੱਟ ਕੇ ਲੈ ਗਈ ਤੇ ਨਫ਼ਰਤ ਦੇ ਐਸੇ ਬੀਜ਼ ਦਾ ਛਿੱਟਾ ਦੇ ਗਈ,,ਉਸ ਬੀਜ਼ ਚੋਂ ਉੱਗੀਆਂ ਕੰਡਿਆਲੀਆਂ ਥੋਹਰਾਂ ਦੇ ਕੰਡਿਆਂ ਨੇ ਲੱਖਾਂ ਮਾਸੂਮਾਂ ਦੇ ਜਿਸਮ ਵਿੰਨ ਛੱਡੇ ਤੇ ਟੋਟੇ ਕਰ ਦਿੱਤੇ ਹੱਸਦੇ ਵਸਦੇ ਇੱਕ ਦੇਸ਼ ਦੇ ||ਲੱਖਾਂ ਕੁੜੀਆਂ ਦੀਆਂ ਚੀਕਾਂ ਦੱਬ ਕੇ ਰਹਿ ਗਈਆਂ ਜੋ ਕਿਸੇ ਦੇ ਕੰਨਾਂ ਤੱਕ ਨਾ ਪਹੁੰਚੀਆਂ |

ਬਾਬੇ ਦੀ ਗੱਲ ਸੁਣਕੇ ਮੈਨੂੰ ਅੰਮ੍ਰਿਤਾ ਪ੍ਰੀਤਮ ਜੀ ਦੀ 47 ਚ ਮਾਰੀ ਉਹ ਦਰਦ ਭਰੀ ਹੂਕ ਯਾਦ ਆਈ...

ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ !
ਤੇ ਅੱਜ ਕਿਤਾਬੇ-ਇਸ਼ਕ ਦਾ ਕੋਈ ਅਗਲਾ ਵਰਕਾ ਫੋਲ !
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ..|

ਫ਼ੇਰ ਬਾਬੇ ਨੇ ਇੱਕ ਲੰਬਾ ਸਾਹ ਲਿਆ ਤੇ ਦੱਸਣਾ ਸ਼ੁਰੂ ਕੀਤਾ...

ਬਹਾਵਲਪੁਰ ਤੋਂ 6 ਕੁ ਕੋਹ ਤੇ ਸੀ ਸਾਡਾ ਪਿੰਡ ਚੱਕ ਬਤਾਲੀ
ਸਿੰਧੀ ਤੇ ਸਿੱਖ ਮੁਸਲਮਨ ਸਾਰੇ ਘਰ ਹੀ ਸੀਗੇ ਸਾਡੇ ਪਿੰਡ ਚ ||

ਨਿੱਕਾ ਜੇਹਾ ਪਰਿਵਾਰ ਸੀ ਸਾਡਾ,, ਮੈਂ ਰਬਾਬ ਬੀਬੀ ਤੇ ਬਾਪੂ,, ਬਾਪੂ ਚੌਧਰੀਆਂ ਦਾ ਮੁਜ਼ਾਰਾ ਸੀ | ਰੱਬ ਨੂੰ ਮੰਨਣ ਵਾਲਾ ਸਹਿਜਧਾਰੀ ਪਰਿਵਾਰ ਸੀ ਸਾਡਾ,, ਬੇਸ਼ੱਕ ਬੀਬੀ ਨੂੰ ਪੰਜਾਬੀ ਠੀਕ ਤਰ੍ਹਾਂ ਬੋਲਣੀ ਨਹੀਂ ਸੀ ਆਉਂਦੀ,, ਪਰ ਸਮਝ ਸਾਰੀ ਲੈਂਦੀ ਸੀ ||ਉਹਨੇ ਵੱਡੀ ਬੇਬੇ ਤੋਂ ਜਪੁਜੀ ਸਾਹਿਬ ਦੀਆਂ ਪੰਜ ਪੌੜੀਆਂ ਦਾ ਪਾਠ ਵੀ ਸਿੱਖ ਹੋਇਆ ਸੀ |

ਮੇਰੀ ਬੀਬੀ ਪੰਜਾਬਣ ਨਹੀਂ ਸੀ,,ਉਹ ਬੰਗਾਲ ਦੀ ਸੀ |

ਬਾਪੂ ਦਾ ਵੱਡੀ ਉਮਰ ਤੱਕ ਵਿਆਹ ਨਹੀਂ ਸੀ ਹੋਇਆ,, ਇਸ ਕਰਕੇ ਸਾਡੇ ਗੁਆਂਢ ਚ ਰਹਿੰਦੀ ਬੰਗਾਲਣ ਤਾਈ ਦੁਰਗਾਵਤੀ ਨੇ ਬਾਪੂ ਨੂੰ ਕਲਕੱਤੇ ਤੋਂ ਬੀਬੀ ਨੂੰ ਮੁੱਲ ਲਿਆ ਕੇ ਦਿੱਤਾ ਸੀ |

ਸਾਡੇ ਪਿੰਡ ਦਾ ਚੌਧਰੀ ਅਹਿਮਦ ਰਫ਼ੀਕ 5 ਪਿੰਡਾਂ ਦਾ ਚੌਧਰੀ ਘੋੜੀਆਂ ਰੱਖਣ ਦਾ ਬਹੁਤ ਸ਼ੌਂਕੀਨ ਸੀ,, ਤਾਈ ਦੁਰਗਾਵਤੀ ਤੇ ਉਹਦੇ ਘਰਵਾਲੇ ਬਾਬੂ ਲਾਲ ਨੂੰ ਉਹ ਘੋੜੀਆਂ ਸਾਂਭਣ ਵਾਸਤੇ ਬੰਗਾਲ ਤੋਂ ਲਿਆਇਆ ਸੀ |
ਤਾਈ ਦੁਰਗਾਵਤੀ ਹੀ ਬੀਬੀ ਨੂੰ ਲਿਆਈ ਸੀ |

ਉਹਨਾਂ ਦਾ ਘਰ ਸਾਡੇ ਗੁਆਂਢ ਚ ਹੀ ਸੀ |

ਮੈਂ ਕੋਈ 8 ਕੁ ਵਰ੍ਹਿਆਂ ਦਾ ਸੀ ਤੇ ਰਬਾਬ ਕੋਈ 2 ਕੁ ਵਰ੍ਹੇ ਦੀ ਸੀ ਉਦੋਂ ,, ਜਦੋਂ ਬਾਪੂ ਪੂਰਾ ਹੋਇਆ ਸੀ | ਚੌਧਰੀਆਂ ਦੇ ਖੇਤ ਖੂਹ ਪਟਦੇ ਸੀ,, ਬਾਪੂ ਤੇ ਮਿੱਟੀ ਦੀ ਢਿੱਗ ਡਿੱਗ ਪਈ ਸੀ,, ਬੱਸ ਫ਼ੇਰ ਵਿੱਚੋਂ ਮਰੇ ਨੂੰ ਕੱਢਿਆ ਸੀ |
ਇੱਕ ਵਾਰ ਜਾਣੋ ਘਰ ਮੂਧਾ ਵੱਜ ਗਿਆ ਸੀ,,ਜਿਵੇਂ ਜ਼ਿੰਦਗੀ ਦਾ ਪਹੀਆ ਰੁਕ ਗਿਆ ਹੋਵੇ,, ਪਰ ਕਿਸੇ ਦੇ ਨਾਲ ਜੇ ਏਦਾਂ ਜ਼ਿੰਦਗੀ ਰੁਕਦੀ ਹੁੰਦੀ ਤਾਂ ਹੁਣ ਤੱਕ ਧਰਤੀ ਦਾ ਘੁੰਮਣਾ ਵੀ ਰੁਕ ਚੁੱਕਾ ਹੁੰਦਾ ਤੇ ਇਨਸਾਨ ਵੀ ਉੱਥੇ ਹੀ ਰੁਕੇ ਹੁੰਦੇ |

ਬੀਬੀ ਨੇ ਤਾਈ ਦੁਰਗਾਵਤੀ ਨਾਲ ਚੌਧਰੀਆਂ ਦੇ ਤਬੇਲੇ ਚ ਗੋਹੇ ਕੂੜੇ ਕੰਮ ਕਰਨਾ ਸ਼ੁਰੂ ਕਰ ਦਿੱਤਾ |ਮੈਂ ਚੌਧਰੀਆਂ ਦਾ ਮਾਲ ਡੰਗਰ ਚਾਰਨਾ ਸ਼ੁਰੂ ਕਰ ਦਿੱਤਾ,, ਜ਼ਿੰਦਗੀ ਇੱਕ ਵਾਰ ਫ਼ੇਰ ਤੋਂ ਲੀਹ ਤੇ ਆ ਗਈ ਸੀ |

ਰਬਾਬ ਨਿੱਕੀ ਜਹੀ ਸੀ,, ਉਹਨੂੰ ਸਾਰਾ ਦਿਨ ਤਾਈ ਦੁਰਗਾ ਦੀ ਕੁੜੀ ਮੀਨਾ ਢਾਕ ਤੇ ਤੋਰੀ ਵਾਂਗੂ ਲਮਕਾਈ ਫਿਰਦੀ,, ਮੈਨੂੰ ਤੇ ਬੀਬੀ ਨੂੰ ਫ਼ਿਕਰ ਨਹੀਂ ਸੀ ਹੁੰਦਾ ਕੇ ਰਬਾਬ ਕੋਲ ਕੌਣ ਰਹੂ ਗਾ,, ਮੀਨਾ ਵੀ ਮੇਰੀ ਹਾਨਣ ਜਹੀ ਸੀ ਹੋ ਸਕਦਾ ਵਰ੍ਹਾ ਖੰਡ ਛੋਟੀ ਹੋਵੇ,, ਉਹ ਰਬਾਬ ਨੂੰ ਨ੍ਹਵਾ ਕੇ ਉਹਦੇ ਸੁਰਮਾ ਪਾ ਦਿੰਦੀ |
ਰਬਾਬ ਦੀਆਂ ਮੋਟੀਆਂ ਮੋਟੀਆਂ ਅੱਖਾਂ ਉਹ ਜਮਾਂ ਕਿਸੇ ਰਬੜ ਦੀ ਗੁੱਡੀ ਵਾਂਗ ਲਗਦੀ |

ਜਦੋਂ ਮੈਂ ਥੱਕੇ ਹਾਰੇ ਨੇ ਰੋਹੀਆਂ ਚੋਂ ਮਾਲ ਡੰਗਰ ਚੌਧਰੀ ਦੀ ਹਵੇਲੀ ਛੱਡ ਕੇ ਘਰੇ ਆਉਣਾ ਜਦ ਰਬਾਬ ਨੇ ਨਿੱਕੇ ਨਿੱਕੇ ਹੱਥਾਂ ਨਾਲ ਮੈਨੂੰ ਪਾਣੀ ਦੇਣਾ ਮੇਰਾ ਸਾਰਾ ਥਕੇਵਾਂ ਉੱਤਰ ਜਾਣਾ ||
ਉਹਨੇ ਪਹਿਲਾ ਸ਼ਬਦ ਬੀਬੀ ਨਹੀਂ "ਦਾ ਦਾ" ਕਹਿਣਾ ਸਿੱਖਿਆ ਸੀ ਮੀਨਾ ਕੋਲੋਂ,, ਬੰਗਾਲੀ ਚ ਵੱਡੇ ਭਰਾ ਨੂੰ "ਦਾ,ਦਾ" ਕਹਿੰਦੇ ਆ,, ਮੀਨਾ ਵੀ ਮੈਨੂੰ "ਦਾ,ਦਾ" ਕਹਿੰਦੀ ਹੁੰਦੀ ਸੀ |

ਹੋਲੀ ਹੋਲੀ ਖ਼ਬਰਾਂ ਆਉਣ ਲੱਗੀਆਂ ਕੇ ਬਹੁਤ ਛੇਤੀ ਹੁਣ ਫਰੰਗੀ ਸਾਡਾ ਦੇਸ਼ ਛੱਡ ਕੇ ਚਲੇ ਜਾਣ ਗੇ,, ਹੁਣ ਸਾਡੀ ਆਪਣੀ ਸਰਕਾਰ ਹੋਊ ਜਿਹੜੀ ਸਾਡੀ ਗੱਲ ਸੁਣੂ ਗੀ |

ਉਹ ਏਹਨਾਂ ਗੋਰਿਆਂ ਵਾਂਗ ਜ਼ਾਲਮ ਨਹੀਂ ਹੋਊ ਗੀ |ਵਕ਼ਤ ਦੇ ਗੁਜ਼ਰਦਿਆਂ 1947 ਚੜ੍ਹ ਗਿਆ ਸੀ,, ਮੈਂ 10 ਕੁ ਵਰ੍ਹਿਆਂ ਦਾ ਹੋ ਗਿਆ ਸੀ ਤੇ ਰਬਾਬ 4 ਵਰ੍ਹਿਆਂ ਦੀ,, ਬੀਬੀ ਨੇ ਉਹਨੂੰ ਚਾਂਦੀ ਦੇ ਸਗਲੇ ਬਣਾ ਕੇ ਦਿੱਤੇ ਸੀ,, ਆਹੀ ਵਾਲੇ ਬਾਬੇ ਨੇ ਪੋਟਲੀ ਚੋਂ ਕੱਢ ਕੇ ਸਗਲਾ ਫ਼ੇਰ ਮੇਰੀ ਤਲੀ ਤੇ ਰੱਖ ਦਿੱਤਾ ਸੀ,, ਜੋ ਹੁਣ ਕਾਲਾ ਹੋਇਆ ਪਿਆ ਇੱਕ ਘੁੰਗਰੂ ਵੀ ਘੱਟ ਸੀ |

ਫ਼ੇਰ ਕੀ ਹੋਇਆ ਬਾਬਾ ਜੀ,, ਮੈਂ ਬਾਬੇ ਤੋਂ ਜਾਣਨਾ ਚਾਹੁੰਦਾ ਸੀ ਕੇ ਕਿਵੇਂ ਪਹੁੰਚਿਆ ਸੀ ਉਹ ਹਿੰਦੋਸਤਾਨ..|
ਕਿਉਂਕਿ ਮੈਂ ਐਸੀਆਂ ਹਜ਼ਾਰਾਂ ਕਹਾਣੀਆਂ ਪੜ੍ਹ ਸੁਣ ਚੁੱਕਾ ਸੀ,, ਜਿੰਨ੍ਹਾਂ ਮੈਨੂੰ 15 ਅਗਸਤ ਤੇ ਖੁਸ਼ੀ ਨਹੀਂ ਸੋਗ ਮਨਾਉਣ ਨੂੰ ਆਖਿਆ ਸੀ,, ਮੈਂ ਇੱਕ ਹੋਰ ਕਹਾਣੀ ਸ਼ਾਮਲ ਕਰਨਾ ਚਾਹੁੰਦਾ ਸੀ,,
ਇਸ ਵਾਰ 15 ਅਗਸਤ ਤੇ ਅਫਸੋਸ਼ ਲਈ |

ਬਾਬਾ ਜੀ ਫ਼ੇਰ ਕੀ ਹੋਇਆ.....?? ਮੈਂ ਦੁਬਾਰਾ ਫ਼ੇਰ ਸਵਾਲ ਕੀਤਾ

ਬਾਬੇ ਨੇ ਇੱਕ ਲੰਬਾ ਸਾਹ ਅੰਦਰ ਖਿੱਚਿਆ ਤੇ ਬਾਹਰ ਛੱਡਦਾ ਬੋਲਿਆ,, ਉਹੀ ਜੋ ਲੱਖਾਂ ਲੋਕਾਂ ਨਾਲ ਹੋਇਆ |

ਮੁਲਕ ਦੇ ਦੋ ਟੋਟੇ ਕਰ ਦਿੱਤੇ ਗਏ,, ਰੇਡੀਓ ਤੇ ਖ਼ਬਰ ਦਿੱਤੀ ਗਈ ਕੇ ਪਾਕਿਸਤਾਨ ਚ ਵਸਦੇ ਸਾਰੇ ਹਿੰਦੂ ਸਿੱਖ ਹਿਫਾਜ਼ਤ ਨਾਲ ਹਿੰਦੋਸਤਾਨ ਭੇਜੇ ਜਾਣ ਗੇ |

ਸਾਰੇ ਸੋਚ ਰਹੇ ਸਨ ਕੱਲ੍ਹ ਤੱਕ ਤਾਂ ਇਹ ਸਾਰਾ ਦੇਸ਼ ਹਿੰਦੋਸਤਾਨ ਹੀ ਸੀ ਅਚਾਨਕ ਹਿੰਦੋਸਤਾਨ ਕਿੱਥੇ ਬਣ ਗਿਆ ਸੀ,, ਜਿੱਥੇ ਜਾਣ ਦੀਆਂ ਗੱਲਾਂ ਹੋ ਰਹੀਆਂ ਸਨ |

ਲੋਕਾਂ ਦੇ ਦਿਲ ਡਰ ਨਾਲ ਕੰਬਣ ਲੱਗੇ,, ਸਵੇਰੇ ਕੋਈ ਸ਼ਹਿਰੋਂ ਆਇਆ ਇਹ ਖ਼ਬਰ ਸੁਣਾ ਦਿੰਦਾ,, ਡਰਨ ਦੀ ਲੋੜ ਨਹੀਂ ਬਹਾਵਲਪੁਰ, ਬਾਵਲਨਗਰ ਤੇ ਲਾਹੌਰ ਇਹ ਹਿੰਦਸਤਾਨ ਚ ਆ,,ਅੰਗਰੇਜ਼ ਨੇ ਏਧਰ ਸਤਲੁਜ ਦਾ ਉਰਾਰ ਵਾਲਾ ਪਾਸਾ ਹਿੰਦਸਤਾਨ ਚ ਸ਼ਾਮਲ ਕੀਤਾ,,, ਉਧਰ ਉੱਪਰ ਨੂੰ ਰਵੀ ਦੇ ਉਰਾਰ ਵਾਲਾ ਹਿੰਦਸਤਾਨ ਚ ਆ ਸਾਰਾ ਪਾਸਾ |

ਸਭ ਨੂੰ ਹੌਂਸਲਾ ਹੋ ਜਾਣਾ ਕੇ ਚਲੋ ਅਸੀਂ ਆਵਦੇ ਮੁਲਕ ਚ ਬੈਠੇ ਆਂ,, ਕਿਉਂਕਿ ਬਹਾਵਲਪੁਰ ਸਤਲੁਜ ਦਰਿਆ ਦੇ ਕੰਢੇ ਤੇ ਉਰਾਰ ਵਸਿਆ ਸੀ ਤੇ ਲਾਹੌਰ ਰਾਵੀ ਦੇ ਕੰਢੇ ਤੇ ਉਰਾਰ ਹਿੰਦੋਸਤਾਨ ਵਾਲੇ ਪਾਸੇ |

ਦੁਪਹਿਰ ਨੂੰ ਆ ਕੇ ਕੋਈ ਇਹ ਖ਼ਬਰ ਸੁਣਾ ਦਿੰਦਾ,,ਨਹੀਂ ਨਹੀਂ ਚੜ੍ਹਦੇ ਦੀ ਉੱਤਰੀ ਬਾਹੀ ਵੱਲ ਅੰਗਰੇਜ਼ ਨੇ ਬਿਆਸ ਨੂੰ ਹੱਦ ਮੰਨਿਆ ਅੰਬਰਸਰ ਤੱਕ ਪਾਕਸਤਾਨ ਆ,,ਓਦੂ ਅੱਗੇ ਬਿਆਸ ਦੇ ਪਰਲੇ ਪਾਸੇ ਹਿੰਦੋਸਤਾਨ |
ਤੇ ਏਧਰ ਬੀਕਾਨੇਰ ਤੱਕ ਸਾਰਾ ਪਾਕਸਤਾਨ ਆ,,|

ਸਵੇਰ ਨੂੰ ਹੌਂਸਲੇ ਚ ਆਏ ਦਿਲ ਦੁਪਹਿਰ ਨੂੰ ਫ਼ੇਰ ਡਰ ਜਾਂਦੇ..|

ਕਿਸੇ ਨੂੰ ਕੋਈ ਪਤਾ ਨਹੀਂ ਸੀ ਹੱਦ ਕਿਹੜੀ ਆ,, ਕੇਹੜਾ ਇਲਾਕਾ ਹਿੰਦੋਸਤਾਨ ਆ ਤੇ ਕੇਹੜਾ ਪਾਕਿਸਤਾਨ,, ਬੱਸ ਇੱਕ ਦੂਜੇ ਤੋਂ ਸੁਣੀਆਂ ਸੁਣਾਈਆਂ ਗੱਲਾਂ ਕਰ ਰਹੇ ਸੀ |

ਦਿਨੋਂ ਦਿਨੋਂ ਵੱਢਾ ਟੁੱਕੀ ਦੀਆਂ ਘਟਨਾਵਾਂ ਤੇਜ਼ ਹੋ ਗਈਆਂ,,|ਮੁਸਲਮਾਨ ਮੌਲਵੀ ਤਕਰੀਰਾਂ ਜਲਸੇ ਕਰਨ ਲੱਗੇ ਕੇ ਕਾਫ਼ਿਰ ਨੂੰ ਮਾਰਨ ਨਾਲ ਜੰਨਤ ਚ ਹੂਰਾਂ ਮਿਲਦੀਆਂ,, ਸਿੱਖ ਇਕੱਠ ਕਰਕੇ ਮੁਸਲਮਾਨਾਂ ਦੇ ਸਾਹਿਬਜਾਦਿਆਂ ਅਤੇ ਗੁਰੂ ਗੋਬਿੰਦ ਸਿੰਘ ਤੇ ਕੀਤੇ ਜ਼ੁਰਮਾਂ ਦੇ ਪ੍ਰਸੰਗ ਸਣਾਉਣ ਲੱਗ ਪਏ ਸਨ |

ਭਾਦੋਂ ਦਾ ਵੱਟ ਭਰਿਆ ਦਿਨ ਮੈਂ ਰੋਹੀ ਚ ਡੰਗਰ ਚਾਰ ਰਿਹਾ ਸੀ ਆਥਣ ਜਹੇ ਦਾ ਵੇਲਾ ਹੋਣ ਵਾਲਾ ਸੀ ,, ਖ਼ਬਰ ਮਿਲੀ ਕੇ ਸਾਡੇ ਪਿੰਡ ਤੇ ਵੀ ਧਾੜਵੀਆਂ ਨੇ ਹਮਲਾ ਕਰ ਦਿੱਤਾ,, ਮੈਂ ਛੇਤੀ ਨਾਲ ਡੰਗਰ ਚੌਧਰੀਆਂ ਦੀ ਹਵੇਲੀ ਵਾੜ ਕੇ ਘਰ ਵੱਲ ਭੱਜਾ,, ਲੱਕੜ ਦੇ ਤਖ਼ਤੇ ਨੂੰ ਅੱਗ ਲੱਗੀ ਹੋਈ ਸੀ,, ਕੱਚੀ ਕੰਧ ਧੂੰਏ ਨਾਲ ਕਾਲੀ ਹੋਈ ਪਈ ਸੀ ,

ਵੇਹੜੇ ਚ ਨਿੰਮ ਥੱਲੇ ਬੀਬੀ ਮੂਧੇ ਮੂੰਹ ਡਿੱਗੀ ਪਈ ਸੀ,,ਇੱਕ ਲਹੂ ਦਾ ਛੱਪੜ ਉਹਦੇ ਦੁਆਲੇ ਲੱਗਿਆ ਹੋਇਆ ਸੀ,, ਗਲ਼ੇ ਤੇ ਟੋਕੇ ਦਾ ਡੂੰਗਾ ਨਿਸ਼ਾਨ ਸੀ ਇੱਕ ਬਰਛਾ ਵੱਖੀ ਵਿੱਚ ਖੁੱਭਿਆ ਹੋਇਆ ਸੀ |

ਮੈਂ ਹੱਥ ਲਾ ਕੇ ਵੇਖਿਆ ਬੀਬੀ ਬਿਲਕੁੱਲ ਠੰਡੀ ਹੋਈ ਪਈ ਸੀ |

ਮੈਂ ਭੱਜ ਕੇ ਸਵਾਤ ਚ ਗਿਆ ਸੰਦੂਕ ਖੁੱਲ੍ਹਾ ਪਿਆ ਸੀ,, ਉਹ ਸਾਰਾ ਸਮਾਨ ਲੁੱਟ ਕੇ ਲੈ ਗਏ ਸੀ,, ਮੈਂ ਬਾਹਰ ਵੱਲ ਮੁੜਨ ਲੱਗਾ ਮੈਨੂੰ ਰੋਣ ਦੀ ਆਵਾਜ਼ ਸੁਣੀ |

ਮੈਂ ਥੱਲੇ ਬੈਠ ਕੇ ਦੇਖਿਆ ਤਾਂ ਸੰਦੂਕ ਦੇ ਥੱਲੇ ਖੂੰਜੇ ਚ,, ਕੰਧ ਨਾ ਲੱਗੀ ਡਰੀ ਹੋਈ ਰਬਾਬ ਬੈਠੀ ਸੀ |

ਗੁੱਡੀ ਨੀ ਗੁੱਡੀ ਮੈਂ ਆਵਾਜ਼ ਮਾਰੀ,,

ਮੇਰੀ ਆਵਾਜ਼ ਸੁਣ ਗੋਡਿਆਂ ਤੇ ਰੁੜਦੀ ਉਹ ਭੱਜ ਕੇ ਬਾਹਰ ਆ ਕੇ ਮੈਨੂੰ ਚਿੰਬੜ ਗਈ,, ਰਬਾਬ ਡਰ ਨਾਲ ਪੂਰੀ ਤਰ੍ਹਾਂ ਕੰਬ ਰਹੀ ਸੀ |
"ਦਾ,ਦਾ" ਬੀਬੀ...... ਏਨਾਂ ਆਖ ਕੇ ਰਬਾਬ ਫ਼ੇਰ ਰੋਣ ਲੱਗ ਗਈ |
ਮੈਂ ਉਹਨੂੰ ਘੁੱਟ ਕੇ ਗਲ਼ ਲਾ ਲਿਆ |

ਮੈਂ ਰਬਾਬ ਨੂੰ ਗੋਦੀ ਚੁੱਕ ਕੇ ਤਾਈ ਦੁਰਗਾਵਤੀ ਦੇ ਘਰੇ ਗਿਆ ਉਹਨਾਂ ਦੇ ਘਰ ਦਾ ਵੀ ਓਹੀ ਹਾਲ ਸੀ ਜੋ ਸਾਡਾ ਸੀ |ਕਾਨਿਆਂ ਦੀ ਛੱਤ ਤੋਂ ਸੱਪ ਦੀ ਜੀਭ ਵਾਂਗਰਾ ਅੱਗ ਦੀਆਂ ਲਪਟਾਂ ਨਿਕਲ ਰਹੀਆਂ ਸਨ,ਤਿੜ ਤਿੜ ਕਰ ਛੱਤ ਦੇ ਕਾਨੇ ਦਮ ਤੋੜ ਰਹੇ ਸੀ ,ਸਾਰਾ ਸਮਾਨ ਖਿਲਰਿਆ ਪਿਆ,, ਘਰ ਕੋਈ ਨਹੀਂ ਸੀ |

ਪਤਾ ਲੱਗਾ ਪਿੰਡ ਦੇ ਜੋ ਹਿੰਦੂ ਸਿੱਖ ਲੋਕ ਬਚੇ ਆ ਉਹ ਬਹਾਵਲਪੁਰ ਦੇ ਬਗ਼ਦਾਦ ਟੇਸ਼ਨ ਤੇ ਭੱਜ ਗਏ ਆ,, ਉੱਥੋਂ ਰੇਲ ਚੜ੍ਹ ਹਿੰਦੋਸਤਾਨ ਜਾਣ ਗੇ |

ਉਦੋਂ ਕਿਸੇ ਨੂੰ ਕੁੱਝ ਵੀ ਨਹੀਂ ਸੀ ਪਤਾ ਕੇ ਹਿੰਦੋਸਤਾਨ ਕਿਥੋਂ ਸ਼ੁਰੂ ਹੁੰਦਾ,, ਕਿਉਂਕਿ ਥੋੜ੍ਹੇ ਦਿਨ ਪਹਿਲਾਂ ਤਾਂ ਸਾਰਾ ਹਿੰਦੋਸਤਾਨ ਹੀ ਸੀ |

ਮੈਂ  ਜਲਦੀ ਨਾਲ ਘਰੋਂ ਇੱਕ ਚਾਦਰ ਚ ਥੋੜ੍ਹੇ ਬਹੁਤ ਲੀੜੇ ਬੰਨੇ ਤੇ ਖੇਤਾਂ ਵਿੱਚ ਦੀ ਬਹਾਵਲਪੁਰ ਦੇ ਬਗ਼ਦਾਦ ਟੇਸ਼ਨ ਵੱਲ ਤੁਰ ਪਿਆ,, ਪਿੰਡੋ ਬਾਹਰਵਾਰ ਚਰਾਂਦਾ ਕੋਲ ਮੀਨਾ ਦੀ ਲਾਸ਼ ਪਈ ਸੀ,, ਜਿੱਥੇ ਉਹ ਆਪਣੀਆਂ ਬੱਕਰੀਆਂ ਵਾਸਤੇ ਘਾਹ ਖੋਤਣ ਜਾਇਆ ਕਰਦੀ ਸੀ ,, ਉਹਦੇ ਕੱਪੜੇ ਪਾਟੇ ਹੋਏ ਸਨ ,ਸੁਥਣ ਤਾਂ ਕਿਤੇ ਵੀ ਨਜ਼ਰ ਨਹੀਂ ਸੀ ਆ ਰਹੀ , ਮਸੂਮ ਦਾ ਜਿਸਮ ਨੋਚ ਲਿਆ ਗਿਆ ਸੀ |

ਰਬਾਬ ਚੀਕਾਂ ਮਾਰਦੀ ਮੈਨੂੰ ਘੁੱਟ ਕੇ ਚੁੰਬੜ ਗਈ... ਦਾ,ਦਾ... ਦਾ,ਦਾ,,, ਮੈ ਰਬਾਬ ਦਾ ਸਿਰ ਪਿਛਲੇ ਪਾਸੇ ਤੋਂ ਨੱਪ ਕੇ ਮੋਢੇ ਨਾਲ ਲਾ ਲਿਆ,,,ਫ਼ੇਰ ਮੈ ਉਹਨੂੰ ਥੱਲੇ ਉਤਾਰ ਕੇ ਖੜ੍ਹਾ ਕਰ ਦਿੱਤਾ |

ਸਿਰ ਵਾਲਾ ਮੂਕਾ ਖੋਲ ਕੇ ਮੈ ਮੀਨਾ ਉੱਤੇ ਪਾ ਦਿੱਤਾ,, ਉਹਦੇ ਸਿਰ ਤੇ ਹੱਥ ਫੇਰਿਆ,, ਚੰਗਾ ਮੀਨਾ ਰੱਬ ਰਾਖਾ ||

ਅਚਾਨਕ ਮੇਰੀ ਨਿਗ੍ਹਾ ਕੋਲ ਹੀ ਪਰਾਂ ਟਿੱਬੇ ਤੇ ਲੱਗੀ ਪੋਹਲੀ ਤੇ ਗਈ,, ਜਿਸ ਤੇ ਮੀਨਾ ਦੀ ਲੀਰੋ ਲੀਰ ਹੋਈ ਚੁੰਨੀ ਫਸੀ ਹੋਈ ਸੀ ਤੇ ਨਾਲ ਹੀ ਪਰਾਂ ਅੱਕ ਦੇ ਬੂਟਿਆਂ ਕੋਲ ਮੀਨਾ ਦਾ ਨਿੱਕਾ ਭਰਾ ਮੂੰਗਲੂ ਪਾੜਿਆ ਪਿਆ ਸੀ ਜੋ ਰਬਾਬ ਤੋਂ ਮਸਾਂ ਵਰ੍ਹਾ ਖੰਡ ਹੀ ਵੱਡਾ ਸੀ |

ਮੈ ਰਬਾਬ ਨੂੰ ਉਂਗਲ ਲਾ ਕੇ ਤੁਰ ਪਿਆ | ਸਾਨੂੰ ਤੁਰਦਿਆਂ ਤੁਰਦਿਆਂ ਰਾਤ ਹੋ ਗਈ,,ਤਾਰੇ ਨਿਕਲ ਆਏ ਸੀ ਰਬਾਬ ਨੂੰ ਮੈ ਕੰਧੇੜੇ ਚੁੱਕ ਲਿਆ |

ਮੈ ਢਾਈ ਕੁ ਮੀਲ ਤੁਰਕੇ ਬੋਹੜ ਵਾਲੇ ਪਿੰਡ ਪਹੁੰਚ ਗਿਆ,, ਉੱਥੋਂ ਦਾ ਇੱਕ ਮੁੰਡਾ ਖੁਸ਼ੀ ਮੁਹੰਮਦ ਮੇਰੇ ਨਾਲ ਮੱਝਾਂ ਚਾਰਿਆ ਕਰਦਾ ਸੀ | ਮੈਨੂੰ ਉਹਦੇ ਘਰ ਆਸਰਾ ਮਿਲ ਗਿਆ ਰਾਤ ਰੁਕਣ ਦਾ,, ਮੈਨੂੰ ਤੇ ਰਬਾਬ ਨੂੰ ਉਹਨਾਂ ਰੋਟੀ ਖਾਣ ਨੂੰ ਦਿੱਤੀ |
ਪੂਰੀ ਰਾਤ ਮੈਂ ਅੱਖਾਂ ਵਿੱਚ ਕੱਢੀ,,ਰਬਾਬ ਮੇਰੀ ਛਾਤੀ ਤੇ ਸੌਂ ਗਈ ਸੀ,, ਅਗਲੀ ਸਵੇਰ ਖੁਸ਼ੀ ਦੀ ਅੰਮੀ ਨੇ ਮੈਨੂੰ ਪਿੱਤਲ ਦੀ ਡੋਲਨੀ ਚ ਦੁੱਧ ਪਾ ਦਿੱਤਾ ਤੇ ਪੋਣੇ ਵਿੱਚ ਗੁੜ ਤੇ ਛੋਲੇ ਬੰਨ ਦਿੱਤੇ.... ਮੇਰੇ ਪੁੱਤਰ ਤੇਰੇ ਨਾਲ ਭੋਰਾ ਭਰ ਬਾਲੜੀ ਆ,ਐਹਨੂੰ ਦੁੱਧ ਪਿਆਵਦਾਂ ਰਹੀਂ ਰਾਹ ਚ, ਨਾਲੇ ਦਾਣੇ ਚੱਬ ਛੱਡਣਾ,, ਤੂੰ ਮੈਨੂੰ ਮੇਰੇ ਖੁਸ਼ੀ ਵਾਕਰਾਂ ਲੱਗਣਾ ਏਂ |

ਖੁਸ਼ੀ ਦਾ ਅਬੂ ਸਾਨੂੰ ਬਲਦ ਗੱਡੇ ਤੇ ਬਿਠਾ ਕੇ ਸਤਾਈ ਚੱਕ ਤੱਕ ਛੱਡ ਗਿਆ ||

ਉੱਥੋਂ ਤੁਰਦੇ ਹੋਏ ਦਿਨ ਚੜਨ ਤੋਂ ਪਹਿਲਾਂ ਪਹਿਲਾਂ ਮੈਂ ਤੇ ਰਬਾਬ ਬਹਾਵਲਪੁਰ ਦੇ ਨਾਲ ਲੱਗਦੇ ਟੇਸ਼ਨ ਬਗ਼ਦਾਦ ਤੇ ਪਹੁੰਚ ਗਏ,, ਟੇਸ਼ਨ ਉਜਾੜ ਤੇ ਵੈਰਾਨ ਪਿਆ ਸੀ,,, ਟੇਸ਼ਨ ਤਾਂ ਕੀ ਪਿੰਡਾਂ ਦੇ ਪਿੰਡ ਵੈਰਾਨ ਕਰ ਦਿੱਤੇ ਸਨ ਹੱਲਿਆਂ ਨੇ |

ਟੇਸ਼ਨ ਮਾਸਟਰ ਤੋਂ ਪਤਾ ਲੱਗਾ ਕੱਲ੍ਹ ਰੇਲ ਤੇ ਪੱਥਰਬਾਜ਼ੀ ਹੋਣ ਕਰਕੇ ਉਹ ਡੇਰਾ ਬਾਖਾ ਤੋਂ ਅੱਗੇ ਨਹੀਂ ਆਉਗੀ ਉੱਥੋਂ ਹੀ ਬਾਵਲਨਗਰ ਨੂੰ ਮੁੜ ਜਾਣੀ |

ਰਬਾਬ ਮੇਰੇ ਵੱਲ ਵੇਖ ਰਹੀ ਸੀ ਤੇ ਮੈਂ ਰਬਾਬ ਵੱਲ |ਮੇਰਾ ਰੋਣਾ ਨਿਕਲ ਗਿਆ ਮੈਂ ਮੂੰਹ ਪਾਸੇ ਕਰ ਲਿਆ,, ਮੇਰੇ ਅੰਦਰੋਂ ਟੁੱਟਦੇ ਹੋਏ ਸ਼ਬਦ ਨਿਕਲੇ....ਚੱਲ ਗੁੱਡੀ ਚੱਲੀਏ,,!!

ਪਰ ਦਾ,ਦਾ ਆਪਾਂ ਜਾਣਾ ਕਿੱਥੇ ਆ,, ਆਪਣਾ ਘਰ ਤਾਂ ਏਥੇ ਹੀ ਆ, ਹੁਣ ਆਪਾਂ ਕਿੱਥੇ ਚੱਲੇ ਆਂ |

ਨਹੀਂ ਗੁੱਡੀ ਆਪਣਾ ਘਰ ਹਿੰਦੋਸਤਾਨ ਚ ਆ,, ਇਹ ਪਾਕਿਸਤਾਨ ਆ |

ਰਬਾਬ ਸੋਚਦੀ ਬੋਲੀ...ਹਿੰਦੋਸਤਾਨ ਉਹ ਕਿੱਥੇ ਆ ਦਾ,ਦਾ ?

ਬੱਸ ਨੇੜ੍ਹੇ ਹੀ ਆ,, ਕਿਉਂਕੇ ਮੈਂ ਸੁਣਿਆ ਸੀ ਬਾਵਲਨਗਰ ਹਿੰਦੋਸਤਾਨ ਚ ਆ ਇਸ ਲਈ ਰਬਾਬ ਨੂੰ ਉਹੀ ਕਹਿ ਦਿੱਤਾ |

ਉੱਥੇ ਆਪਣਾ ਕੌਣ ਰਹਿੰਦਾ ਦਾ,ਦਾ ? ਰਬਾਬ ਮੇਰੀ ਉਂਗਲ ਖਿੱਚਦੀ ਮੇਰੇ ਵੱਲ ਮੂੰਹ ਕਰਦੀ ਬੋਲੀ |

ਉੱਥੇ ਸਾਰੇ ਆਪਣੇ ਹੀ ਆ ਗੁੱਡੀ... ਮੈਂ ਬਿਨਾਂ ਸੋਚੇ ਜਵਾਬ ਦੇ ਦਿੱਤਾ |

ਮੈਂ ਰਬਾਬ ਦੀ ਉਂਗਲ ਫੜ ਗੱਡੀ ਦੀ ਲੀਹ ਦੇ ਨਾਲ ਨਾਲ ਤੁਰਨਾ ਸ਼ੁਰੂ ਕਰ ਦਿੱਤਾ,, ਗੱਡੀ ਦੀ ਲੀਹ ਕੋਲੋਂ ਇੱਕ ਠਿਕਰਾ ਲੱਭ ਗਿਆ,, ਮੈਂ ਉਹਨੂੰ ਕੁੜਤੇ ਨਾਲ ਸਾਫ ਕਰਕੇ ਉਹਦੇ ਚ ਦੁੱਧ ਪਾ ਕੇ ਰਬਾਬ ਨੂੰ ਪਿਆ ਦਿੱਤਾ |

ਅਸੀਂ ਭੈਣ ਭਰਾਵਾਂ ਕੁੱਝ ਛੋਲੇ ਚੱਬ ਲਏ ਤੇ ਫ਼ੇਰ ਤੁਰ ਪਏ,, ਭਾਦੋਂ ਦਾ ਵੱਟ ਰੇਤਲਾ ਇਲਾਕਾ ਤਪਦੀ ਰੇਤ, ਸਾਡੇ ਦੋਨੋ ਭੈਣ ਭਰਾਵਾਂ ਦੇ ਤਲੀਆਂ ਤੇ ਛਾਲੇ ਹੋ ਗਏ |

ਕਦੇ ਮੈਂ ਰਬਾਬ ਨੂੰ ਚੱਕ ਲੈਂਦਾ ਕਦੇ ਉਹ ਮੇਰੇ ਨਾਲ ਉਂਗਲ ਫੜ ਕੇ ਤੁਰ ਪੈਂਦੀ |
ਦੋਨਾਂ ਦਾ ਸੰਘ ਸੁੱਕਿਆ ਹੋਇਆ ਸੀ,, ਰੋਹੀ ਬੀਆਬਾਨ ਦਾ ਰੇਤਲਾ ਇਲਾਕਾ,, ਪਾਣੀ ਦੂਰ ਦੂਰ ਤੱਕ ਨਹੀਂ ਸੀ |

ਅਸੀਂ ਦੂਜਾ ਪਹਿਰ ਮੁੱਕਣ ਤੋਂ ਸਵਾ ਕੁ ਘੜੀ ਪਹਿਲਾਂ ਡੇਰਾ ਬਾਖਾ ਟੇਸ਼ਨ ਤੇ ਪਹੁੰਚ ਗਏ...|

ਟੇਸ਼ਨ ਤੇ ਵਿਸਾਖੀ ਦੇ ਮੇਲੇ ਵਾਂਗ ਭੀੜ ਸੀ,, ਸਭ ਦੇ ਚੇਹਰਿਆਂ ਤੇ ਇੱਕ ਡਰ ਸੀ,,ਉਦਾਸੀ ਤਾਂ ਹੋਣੀ ਹੀ ਸੀ,, ਘਰ ਬਾਰ ਸਭ ਕੁੱਝ ਜੋ ਛੱਡ ਕੇ ਚੱਲੇ ਸਨ,,ਜ਼ਮੀਨਾਂ ਜਾਇਦਾਦਾਂ ਡੰਗਰ ਪਸ਼ੂ ਸਭ ਛੱਡ ਚੱਲੇ ਸਨ |
ਕਿਸੇ ਨੂੰ ਇਹ ਵੀ ਨਹੀਂ ਸੀ ਪਤਾ ਕੇ ਅੱਗੇ ਜਾਣਾ ਕਿੱਥੇ ਆ ||

ਬਹੁਤੇ ਲੋਕ ਭਰੇ ਭਰਾਏ ਘਰ ਛੱਡ ਆਏ ਸਨ,, ਕਿਉਂਕਿ ਸਭ ਨੂੰ ਇਹੀ ਲੱਗਦਾ ਸੀ,,ਥੋੜ੍ਹਾ ਚਿਰ ਆ

ਇਹ ਰੌਲਾ ਗੌਲਾ,, ਜਦ ਟਿਕਾਅ ਹੋ ਗਿਆ,,ਸਾਰੇ ਆਪੋ ਆਪਣੇ ਪਿੰਡਾਂ ਨੂੰ ਵਾਪਸ ਮੁੜ ਆਉਣ ਗੇ |

ਮੈਂ ਰਬਾਬ ਨੂੰ ਹੌਲੀ ਕੇ ਦੇਣੇ ਪੁੱਛਿਆ... ਗੁੱਡੀ ਭੁੱਖ ਤਾਂ ਨਹੀਂ ਲੱਗੀ? ਦੁੱਧ ਪੀਣਾ?

ਰਬਾਬ ਨੇ ਬਿਨਾਂ ਬੋਲੇ "ਹਾਂ" ਚ ਸਿਰ ਹਿਲਾ ਦਿੱਤਾ |

ਮੈਂ ਪਿੱਤਲ ਦੇ ਡੋਲੂ ਦਾ ਢੱਕਣ ਖੋਲਿਆ ਜੋ ਖੁਸ਼ੀ ਮੁਹਮੰਦ ਦੀ ਅੰਮੀ ਨੇ ਦਿੱਤਾ ਸੀ |
ਜਦ ਦੇਖਿਆ ਦੁੱਧ ਤਾਂ ਛਿੱਡੀਆਂ ਬਣਿਆ ਪਿਆ ਸੀ, ਭਾਦੋਂ ਦਾ ਵੱਟ ਤਾਂ ਜੱਟਾਂ ਨੂੰ ਸਾਧ ਕਰ ਦਿੰਦਾ ਬੱਚੜੇ,,
ਕਹਿੰਦੇ ਹੁੰਦੇ ਆਂ ਜੱਟ ਨੇ ਜੇਠ ਹਾੜ ਕੱਢ ਲਿਆ ਸੀ, ਭਾਦੋਂ ਦੇ ਵੱਟ ਤੋਂ ਅੱਕ ਕੇ ਸਾਧ ਬਣ ਗਿਆ ਸੀ |
ਦੁੱਧ ਖਰਾਬ ਹੋ ਗਿਆ ਸੀ,,ਮੇਰਾ ਰੋਣਾ ਨਿਕਲ ਗਿਆ |

ਰਬਾਬ ਨੂੰ ਜਿਵੇਂ ਪਤਾ ਲੱਗ ਗਿਆ ਹੁੰਦਾ ਉਹ ਭਾਵੇਂ ਚਾਰ ਕੁ ਸਾਲ ਦੀ ਸੀ,, ਪਰ ਜਿਵੇਂ ਹਲਾਤ ਨੇ ਸਿਆਣੀ ਕਰ ਦਿੱਤੀ ਹੋਵੇ |

ਉਹ ਬੋਲੀ ਨਹੀਂ "ਦਾ,ਦਾ" ਭੁੱਖ ਤਾਂ ਲੱਗੀ ਆ,,ਪਰ ਦੁੱਧ ਨਹੀਂ ਪੀਣਾ,, ਮੈਨੂੰ ਸਵਾਦ ਨਹੀਂ ਲੱਗਿਆ ਸਵੇਰੇ ਵੀ,, ਆਪਾਂ ਛੋਲੇ ਖਾ ਲੈਨੇ ਆ ਉਹਨਾਂ ਚ ਗੁੜ ਪਾਇਆ ਬਾਹਲੇ ਸਵਾਦ ਆ ਉਹ |
ਸਟੇਸ਼ਨ ਤੇ ਹਜ਼ਾਰਾਂ ਭੁੱਖੇ ਪਿੰਜਰ ਬੈਠੇ ਸਨ,ਜੋ ਇੱਕ ਦੂਜੇ ਵੱਲ ਬਿੱਟ ਬਿੱਟ ਤੱਕ ਰਹੇ ਸਨ, ਜਿਵੇਂ ਸਾਰੇ ਹੀ ਓਪਰੇ ਚੇਹਰਿਆਂ ਤੋਂ ਡਰ ਰਹੇ ਹੋਣ |
ਉਹਨਾਂ ਜਿੰਨ੍ਹਾਂ ਦੇ ਚੇਹਰਿਆਂ ਤੇ ਹਲਾਤ ਦੀ ਪਲਿਤਣ ਦੇ ਨਾਲ ਨਾਲ ਰਾਵਾਂ ਦੀ ਧੂੜ ਮਿੱਟੀ ਦੀ ਇੱਕ ਪਰਤ ਜੰਮੀ ਹੋਈ ਸੀ |

ਭਾਂਫ਼ਾ ਛੱਡਦਾ ਕੋਲੇ ਵਾਲਾ ਇੰਜਨ ਰੇਲ ਨੂੰ ਖਿੱਚਦਾ ਟੇਸ਼ਨ ਤੇ ਆ ਕੇ ਰੁਕਿਆ,,ਟੇਸ਼ਨ ਇੱਕ ਚੀਕ ਚਿਹਾੜਾ ਮੱਚ ਗਿਆ ਸਾਰੇ ਲੋਕ ਏਦਾਂ ਗੱਡੀ ਵੱਲ ਭੱਜੇ ਜਿਵੇਂ ਪਿਆਸਾ ਬੰਦਾ ਪਾਣੀ ਵੱਲ ਭੱਜਦਾ ਏ |

ਬੜੀ ਮੁਸ਼ਕਿਲ ਨਾਲ ਮੈਂ ਰਬਾਬ ਨੂੰ ਚੱਕ ਕੇ ਰੇਲ ਚ ਚੜ੍ਹਿਆ ਲੀੜਿਆਂ ਵਾਲੀ ਗੰਢੜੀ ਉੱਥੇ ਹੀ ਰਹਿ ਗੀ,, ਏਨੀ ਭੀੜ ਸੀ ਕੇ ਸਾਹ ਵੀ ਨਹੀਂ ਸੀ ਆ ਰਿਹਾ, ਭਾਦੋਂ ਦੀ ਗਰਮੀ ਦਾ ਵੱਟ,, ਰਬਾਬ ਨੂੰ ਮੈਂ ਗੋਦੀ ਚੱਕ ਲਿਆ ਸੀ ਕੇ ਉਹਦਾ ਸਾਹ ਨਾ ਬੰਦ ਹੋ ਜਾਵੇ,, ਭੋਰਾ ਭਰ ਬਲੂਰ ਵਿਲਕ ਰਹੇ ਸਨ,, ਉਹਨਾਂ ਦੀਆਂ ਮਾਵਾਂ ਉਹਨਾਂ ਨੂੰ ਦੁੱਧ ਚੰਘਾਉਣ ਦਾ ਯਤਨ ਕਰ ਰਹੀਆਂ ਸਨ,, ਪਰ ਰੇਲ ਚ ਤਾਂ ਹਿਲਣ ਨੂੰ ਵੀ ਜਗ੍ਹਾ ਨਹੀਂ ਸੀ,,ਲੋਕ ਤਾਂ ਰੇਲ ਦੀ ਛੱਤ ਤੇ ਵੀ ਬੈਠੇ ਹੋਏ ਸਨ |

ਇੰਜਣ ਨੇ ਇੱਕ ਲੰਬੀ ਚੀਕ ਮਾਰੀ ਤੇ ਇੱਕ ਝਟਕਾ ਲੱਗਾ ਜਿਸ ਨਾਲ ਰੇਲ ਤੁਰ ਪਈ |

ਬੋਘੀ ਖਚਾ ਖਚ ਭਰੀ ਹੋਈ ਸੀ ਸਾਹ ਲੈਣਾ ਵੀ ਔਖਾ ਹੋਇਆ ਪਿਆ ਸੀ,, ਲੋਕ ਪਾਣੀ ਨੂੰ ਤ੍ਰਾਹ ਤ੍ਰਾਹ ਕਰ ਰਹੇ ਸਨ |

ਰੇਲ ਰੁਕ ਰੁਕ ਕੇ ਹੌਲੀ ਹੌਲੀ ਚੱਲ ਰਹੀ ਸੀ,, ਨਿੱਕੇ ਨਿੱਕੇ ਟੇਸ਼ਨਾਂ ਨੂੰ ਪਾਰ ਕਰਦੀ ਰੇਲ ਸ਼ੇਖਵਾਂ ਟੇਸ਼ਨ ਤੇ ਪਹੁੰਚ ਗਈ |
ਆਥਣ ਹੋਣ ਵਾਲਾ ਹੋ ਗਿਆ ਸੀ,,ਰੇਲ ਏਥੇ ਕਾਫੀ ਦੇਰ ਰੁਕਣੀ ਸੀ ਕਿਉਂਕਿ ਏਥੋਂ ਰੇਲ ਨੇ ਪਾਣੀ ਲੈਣਾ ਸੀ,, ਕੋਲ਼ੇ ਵਾਲੀ ਰੇਲ ਦੇ ਭਾਫ਼ ਵਾਲੇ ਇੰਜਣ ਲਈ ਪਾਣੀ ਇਥੋਂ ਹੀ ਭਰਿਆ ਜਾਣਾ ਸੀ |

ਕਾਫੀ ਲੋਕ ਥਕੇਵਾਂ ਦੂਰ ਕਰਨ ਲਈ ਥੱਲੇ ਉੱਤਰ ਗਏ ਸਨ,ਮੈਂ ਸੀਟ ਖ਼ਾਲੀ ਹੋਈ ਵੇਖ ਰਬਾਬ ਨੂੰ ਬਿਠਾ ਦਿੱਤਾ ਸੀ , ਮੇਰੇ ਤੇ ਰਬਾਬ ਦਾ ਸੰਘ ਸੁੱਕਿਆ ਹੋਇਆ ਸੀ |

ਗੁੱਡੀ ਤੇਹ ਤਾਂ ਨੀਂ ਲੱਗੀ ? ਮੈਂ ਰਬਾਬ ਨੂੰ ਪੁੱਛਿਆ |

ਰਬਾਬ ਨੇ ਖੁਸ਼ਕ ਬੁੱਲ੍ਹਾਂ ਤੇ ਜੀਭ ਫੇਰੀ ਤੇ ਬੋਲੀ ਲੱਗੀ ਤਾਂ ਹੈ "ਦਾ,ਦਾ"
ਪਰ ਤੁਸੀਂ ਮੈਨੂੰ ਛੱਡ ਕੇ ਬਾਹਰ ਨਾ ਜਾਇਓ,, ਮੈਨੂੰ ਡਰ ਲੱਗਦਾ ਏਹਨਾਂ ਆਖ ਉਹ ਰੋ ਪਈ |

ਹੈ ਕਮਲੀ.. ਹੁਣ ਤਾਂ ਆਪਾਂ ਕਿੰਨੀ ਦੂਰ ਆ ਗੇ ਹੁਣ ਕਾਹਦਾ ਡਰ,, ਮੈਂ ਪਾਣੀ ਲੈ ਕੇ ਹੁਣੇ ਆਇਆ.. ਮੈਂ ਉਹਨੂੰ ਘੁੱਟ ਕੇ ਗਲ਼ ਲਾਇਆ ਤੇ ਸਾਡੇ ਵਾਲੀ ਬੋਘੀ ਤੋਂ ਉੱਤਰ ਕੇ ਮੈਂ ਪਾਣੀ ਲੈਣ ਤੁਰ ਪਿਆ,, ਟੇਸ਼ਨ ਤੋਂ ਬਾਹਰ ਨਿਕਲ ਕੇ ਹੀ ਇੱਕ ਛੱਪੜ ਸੀ ਜਿਥੋਂ ਬਹੁਤ ਲੋਕ ਪਾਣੀ ਭਰ ਰਹੇ ਸੀ |

ਪਾਣੀ ਚ ਬੇ-ਅੰਤ ਸੁੰਡ ਤੁਰੇ ਫਿਰਦੇ ਸੀ ਤੇ ਕਿੰਨੇ ਹੀ ਨਿੱਕੇ ਨਿੱਕੇ ਡੱਡੂ ਸਾਰੇ ਪਾਣੀ ਤੇ ਜੰਮੀ ਹਰੇਵਾਹੀ ਚੋਂ ਬੜਾ ਭੈੜਾ ਮੁਸ਼ਕ ਮਾਰ ਰਿਹਾ ਸੀ |

ਪਰ ਸੁੱਕੇ ਸੰਘਾਂ ਨੂੰ ਤਾਂ ਪਾਣੀ ਚਾਹੀਦਾ ਸੀ,, ਲੋਕ ਪਾਣੀ ਉੱਤੇ ਪਰਨੇ ਚੁੰਨੀਆਂ ਪੱਗਾਂ ਰੱਖ ਕੇ ਪੁਣ ਕੇ ਪਾਣੀ ਪੀਅ ਰਹੇ ਸਨ,, ਮੈਂ ਸਿਰ ਤੇ ਹੱਥ ਮਾਰਿਆ ਪਰਨਾ ਵੀ ਨਹੀਂ ਸੀ |

ਯਾਦ ਆਇਆ ਉਹ ਤਾਂ ਆਉਣ ਵੇਲੇ ਮੀਨਾ ਦੀ ਲਾਸ਼ ਤੇ ਪਾ ਆਇਆ ਸੀ,,ਮੈਂ ਗੋਢਿਆਂ ਭਾਰ ਬਹਿ

ਕੇ ਝੱਗਾ ਪਾਣੀ ਤੇ ਰੱਖਿਆ,, ਉਹੀ ਪਿੱਤਲ ਦਾ ਡੋਲੂ ਭਰ ਲਿਆ ਜੋ ਖੁਸ਼ੀ ਮੁਹਮੰਦ ਦੀ ਅੰਮੀ ਨੇ ਦਿੱਤਾ ਸੀ ਦੁੱਧ ਪਾ ਕੇ |

ਮੈਂ ਹਲੇ ਪਾਣੀ ਭਰ ਕੇ ਮੁੜਨ ਹੀ ਲੱਗਾ ਸੀ ਕੇ ਟੇਸ਼ਨ ਤੇ ਇੱਕ ਚੀਕ ਚਿਹਾੜਾ ਮੱਚ ਗਿਆ,, ਗੋਲੀ ਚੱਲਣ ਦੀ ਅਵਾਜ਼ ਆਈ |

ਸਾਰੇ ਲੋਕ ਭੱਜਣੇ ਸ਼ੁਰੂ ਹੋ ਗਏ ਅਵਾਜ਼ਾਂ ਆਉਣ ਲੱਗੀਆਂ "ਨਾਰੇ ਤਕਬੀਰ, ਅੱਲ੍ਹਾ ਹੂ ਅਕਬਰ |

ਗੁੱਡੀ... ਗੁੱਡੀ... ਮੈਂ ਚੀਕਾਂ ਮਾਰਦਾ ਟੇਸ਼ਨ ਵੱਲ ਭੱਜ ਤੁਰਿਆ |
ਡੋਲੂ ਤਾਂ ਪਤਾ ਨਹੀਂ ਕਿੱਥੇ ਡਿੱਗ ਗਿਆ ਸੀ,, ਜਾ ਕੇ ਦੇਖਿਆ ਟੇਸ਼ਨ ਤੇ ਵੱਢਾ ਟੁੱਕੀ ਹੋਈ ਸੀ ਪਰ ਥੋੜੀ ਜਹੀ,, ਕਿਉਂਕਿ ਰੇਲ ਚ ਇੱਕ ਅੰਗਰੇਜ਼ ਅਫ਼ਸਰ ਸੀ ਜਿਸਨੇ ਬਾਵਲਨਗਰ ਜਾਣਾ ਸੀ,, ਉਹਦੇ ਨਾਲ ਚਾਰ -ਪੰਜ ਸਿਪਾਹੀ ਸੀ |

ਉਹਨਾਂ ਸਿਪਾਹੀਆਂ ਰਫ਼ਲਾਂ ਦੇ ਫ਼ੈਰ ਖੋਲ ਦਿੱਤੇ ਸੀ,,ਹਮਲਾ ਕਰਨ ਆਏ ਭੱਜ ਗਏ ਸਨ,, ਪਰ ਫ਼ੇਰ ਵੀ ਕਈ ਲਾਸ਼ਾਂ ਲਹੂ ਨਾਲ ਲੱਥ ਪੱਥ ਪਈਆਂ ਸਨ |

ਮੈਂ ਭੱਜ ਕੇ ਸਾਡੀ ਬੋਘੀ ਚ ਗਿਆ ਪਰ ਰਬਾਬ ਉੱਥੇ ਨਹੀਂ ਸੀ,, ਸੀਟ ਤੇ ਲਹੂ ਡੁੱਲਿਆ ਹੋਇਆ ਸੀ |

ਗੁੱਡੀ..ਗੁੱਡੀ... ਮੈਂ ਪੂਰੀ ਤਰ੍ਹਾਂ ਡਰ ਗਿਆ ਸੀ,, ਜੰਗਲਿਆਂ ਵਿੱਚ ਦੀ ਬਾਹਰ ਦੇਖ ਰਿਹਾ ਸੀ |

ਅੰਬੋ ਏਥੇ ਨਿੱਕੀ ਜਹੀ ਕੁੜੀ ਬੈਠੀ ਸੀ ਉਹ ਤਾਂ ਨਹੀਂ ਦੇਖੀ??
ਬਾਬਾ ਏਥੇ ਮੇਰੀ ਗੁੱਡੀ ਬੈਠੀ ਸੀ ਦੇਖੀ ਤੁਸੀ??
ਬਾਊ ਜੀ ਨਿੱਕੀ ਜਹੀ ਕੁੜੀ ਤਾਂ ਨਹੀਂ ਦੇਖੀ ਤੁਸੀਂ?
ਮੈਂ ਸਵਾਰੀਆਂ ਨੂੰ ਪੁੱਛ ਰਿਹਾ ਸੀ |
ਪਰ ਉੱਥੇ ਤਾਂ ਕਿਸੇ ਨੂੰ ਖੁਦ ਦਾ ਹੋਸ਼ ਨਹੀਂ ਸੀ,, ਕਿਸੇ ਦਾ ਕੀਹਨੇ ਰੱਖਣਾ ਸੀ |
ਮੈਂ ਅਵਾਜ਼ਾਂ ਮਾਰਦਾ ਪਿੱਛੇ ਵੱਲ ਤੁਰਿਆ ਜਾ ਰਿਹਾ ਸਾਂ ,,ਝੱਗਾ ਮੇਰਾ ਭਿੱਜਾ ਹੋਇਆ ਸੀ,, ਪਾਣੀ ਜੋ ਪੁਣਿਆ ਸੀ |

ਬੋਘੀ ਦੀ ਮਗਰਲੀ ਸੀਟ ਥੱਲੇ ਰਬਾਬ ਨਿਕਲ ਕੇ ਇੱਕ ਦਮ ਮੇਰੀਆਂ ਲੱਤਾਂ ਨਾਲ ਚਿੰਬੜ ਗਈ,, ਮੇਰੀ ਜਾਨ ਵਿੱਚ ਜਾਨ ਆ ਗਈ |

ਉਹਦਾ ਦਿਲ ਜ਼ੋਰ ਜ਼ੋਰ ਨਾਲ ਧੜਕ ਰਿਹਾ ਸੀ,,ਉਹਦੇ ਤੋਂ ਬੋਲਿਆ ਨਹੀਂ ਸੀ ਜਾ ਰਿਹਾ ਜੀਭ ਤਾਲੂਏ ਨਾਲ ਜਾ ਲੱਗੀ ਸੀ,, ਇੱਕ ਤੇਹ ਤੇ ਉੱਤੋਂ ਡਰਕੇ ਹੋਰ ਸੰਘ ਸੁੱਕ ਗਿਆ ਸੀ ਉਹਦਾ |

ਪਾਣੀ... ਸੱਚ ਪਾਣੀ ਤਾਂ ਪਤਾ ਨਹੀਂ ਡੋਲੂ ਰਾਹ ਚ ਹੀ ਡਿੱਗ ਗਿਆ ਸੀ,, ਮੈਂ ਰਬਾਬ ਦੇ ਬੁੱਲਾਂ ਤੇ ਗਿੱਲਾ ਝੱਗਾ ਲਾ ਦਿੱਤਾ,, ਕਰਮਾਂ ਮਾਰੀ ਨੇ ਉਹਦੇ ਵਿੱਚੋਂ ਹੀ ਪਿਆਸ ਬੁਝਾ ਲਈ |

ਰੇਲ ਫ਼ੇਰ ਤੁਰ ਪਈ ਸੀ,, ਅਸੀਂ ਭੈਣ ਭਰਾਵਾ ਬਚੇ ਹੋਏ ਛੋਲੇ ਵੀ ਖਾ ਲਏ ਤੇ ਭੁੰਝੇ ਫਰਸ਼ ਤੇ ਬਹਿ ਗਏ,,ਰਬਾਬ ਨੂੰ ਮੈਂ ਗੋਦੀ ਚ ਪਾ ਕੇ ਥਾਪੜ ਕੇ ਸਵਾ ਲਿਆ |

ਮੈਨੂੰ ਇਸ ਤੋਂ ਪਹਿਲੀ ਰਾਤ ਖੁਸ਼ੀ ਮੁਹੰਮਦ ਦੇ ਘਰ ਵੀਂ ਨਹੀਂ ਸੀ ਨੀਂਦ ਆਈ,, ਅੱਜ ਰੇਲ ਚ ਵੀ ਅੱਖਾਂ ਖੋਲ ਕੇ ਬੈਠਾ ਸੀ ਮੈਂ |
ਰੇਲ ਬਾਵਲਪੁਰ ਨੂੰ ਪਾਰ ਕਰ ਗਈ,, ਕੋਈ ਉੱਤਰਿਆ ਨਹੀਂ ਸੀ ਸਗੋਂ ਹੋਰ ਲੋਕ ਵੀ ਚੜ੍ਹ ਗਏ ਸੀ,, |

ਕਈ ਕਹਿ ਰਹਿ ਸੀ ਬੱਸ ਹੁਣ ਏਦੂ ਅੱਗੇ ਹਿੰਦੋਸਤਾਨ ਹੀ ਆ ਭਾਈ ਡਰੋ ਨਾ,, ਹੁਣ ਅਸੀਂ ਆਪਣੇ ਮੁਲਕ ਚ ਆ ਗਏ ਹਾਂ |

ਮੈਂ ਕੋਲ ਬੈਠੇ ਇੱਕ ਬਾਬੂ ਜੀ ਤੋਂ ਪੁੱਛਿਆ ਜੋ ਪੜ੍ਹਿਆ ਲਿਖਿਆ ਲੱਗ ਰਿਹਾ ਸੀ, ਕਿਉਂਕਿ ਉਹਨੇ ਪੜ੍ਹਿਆਂ ਲਿਖਿਆਂ ਵਾਂਗੂ ਪਤਲੂਨ ਤੇ ਬੁਰਸ਼ਟ ਪਾਈ ਹੋਈ ਸੀ ,,, ਹਲੇ ਹੋਰ ਕਿੰਨੀ ਕੁ ਦੇਰ ਲੱਗਣੀ ਬਾਊ ਜੀ ਆਪਣੇ ਮੁਲਕ ਪਹੁੰਚਣ ਨੂੰ??

ਉਹ ਮੇਰੇ ਵੱਲ ਤੱਕਦਾ ਬੋਲਿਆ,, ਬੱਸ ਦੋ ਤੀਨ ਸਟੇਸ਼ਨ ਔਰ ਆਏ ਗੇਂ ਫ਼ਿਰ ਬੰਗਲਾ ਆ ਜਾਏ ਗਾ |

ਰਾਤ ਅੱਧੀ ਤੋਂ ਵੱਧ ਬੀਤ ਚੁੱਕੀ ਸੀ ਦਿਨ ਚੜਨ ਵਾਲਾ ਸੀ,,ਬੰਗਲੇ ਤੋਂ ਦੋ ਕੁ ਟੇਸ਼ਨ ਪਿੱਛੇ ਰੇਲ ਰੁਕ ਗਈ,, ਕਿਸੇ ਨੇ ਵੱਢ ਕੇ ਲੀਹ ਦੇ ਉੱਤੇ ਦਰੱਖਤ ਸੁੱਟ ਦਿੱਤੇ ਸਨ,,|

ਪਰ...... ਬਾਬਾ ਜੀ?? ਮੈਨੂੰ ਕੁੱਝ ਯਾਦ ਆ ਗਿਆ ਸੀ ,, ਪਰ ਮੈਂ ਗੱਲ ਕਰਦਾ ਕਰਦਾ ਰੁਕ ਗਿਆ |

ਕਿਉਂਕਿ ਏਹਨਾਂ ਪਿੰਡਾਂ ਬਾਰੇ ਮੈਂ ਚੰਗੀ ਤਰ੍ਹਾਂ ਜਾਣਦਾ ਸੀ, ਇਹਨਾਂ ਪਿੰਡਾਂ ਬਾਰੇ ਇਹ ਗੱਲ ਮਸ਼ਹੂਰ ਸੀ

ਕੇ ਇਹ ਪਿੰਡ ਪਕਿਸਤਾਨ ਚ ਨਹੀਂ ਭਾਰਤ ਚ ਸਨ |

ਕਹਿੰਦੇ ਆ ਹੁਸੈਨੀਵਾਲਾ ਦੇ ਬਦਲੇ ਇਹ 12 ਪਿੰਡ 1961 ਚ ਪਾਕਿਸਤਾਨ ਨੂੰ ਦਿੱਤੇ ਸਨ,ਇਹ ਬਾਰਾਂ ਪਿੰਡ ਦੇ ਕੇ ਹੁਸੈਨੀਵਾਲਾ ਲਿਆ ਸੀ ਪਾਕਿਸਤਾਨ ਕੋਲੋਂ,, 1961 ਤੱਕ ਇਹ ਹਿੰਦੋਸਤਾਨ ਇਲਾਕਾ ਸੀ |

ਮੈਂ ਏਹਨਾਂ 12 ਪਿੰਡਾਂ ਦਾ ਰਿਕਾਰਡ ਲੱਭਣ ਦੀ ਬਹੁਤ ਕੋਸ਼ਿਸ ਕਰਦਾ ਰਿਹਾਂ,,ਖ਼ੈਰ ਉਹ 12 ਪਿੰਡ ਤਾਂ ਪਤਾ ਨਹੀਂ ਕਿਹੜੇ ਕਿਹੜੇ ਸਨ ,,ਪਰ ਓਦੋਂ ਏਹਨਾਂ ਪਿੰਡਾਂ ਬਾਰੇ ਜ਼ਰੂਰ ਪਤਾ ਲੱਗ ਗਿਆ ਸੀ,, ਜਿਸ ਜਗ੍ਹਾ ਦੀ ਗੱਲ ਬਾਬਾ ਕਰ ਰਿਹਾ ਸੀ ਕਿਉਂਕਿ ਬੰਗਲਾ ਤੋਂ ਪਹਿਲਾਂ ਟੇਸ਼ਨ ਅਮਰੂ ਕਾ ਅੱਗੇ ਸੋਭਾ ਵਾਲਾ ਆਉਂਦਾ ਸੀ ਅੱਗੇ ਇਹ ਲਾਈਨ ਬਹਾਵਲਨਗਰ ਤੋਂ ਬਹਾਵਲਪੁਰ ਤੋਂ ਸਾਮਾਸਟਾ ਚਲੀ ਜਾਂਦੀ ਸੀ |

ਕਿਉਂਕਿ ਵੰਡ ਤੋਂ ਪਹਿਲਾਂ ਇੱਕ ਰੇਲ ਜੋ ਬਹਾਵਲਪੁਰ ਜਾਂਦੀ ਸੀ ਉਹ ਸਾਡੇ ਪਿੰਡ ਵਿੱਚ ਦੀ ਜਾਂਦੀ ਸੀ | ਉਹ ਦਿੱਲੀ ਤੋਂ ਰੋਹਤਕ ਜੀਂਦ ਬਠਿੰਡਾ,ਜੈਤੋ,ਕੋਟਕਪੂਰਾ,ਬਰੀਵਾਲਾ, ਮੁਕਤਸਰ,ਫਾਜ਼ਿਲਕਾ,ਅਮਰੂ ਕੇ, ਮੰਡੀ ਸਾਦਿਕ ਗੰਜ,,ਬਹਾਵਲਨਗਰ,, ਬਹਾਵਲਪੁਰ ਤੋਂ ਸਾਮਾਸਟਾ ਜਾਂਦੀ ਹੁੰਦੀ ਸੀ |
ਇੱਕ ਹੋਰ ਰੇਲ ਦਿੱਲੀ ਤੋਂ ਰੋਹਤਕ ਜੀਂਦ ਬਠਿੰਡਾ, ਗਿੱਦੜਬਾਹਾ, ਅਬੋਹਰ,ਹਿੰਦੂ ਮਲਕੋਟ,ਮੰਡੀ ਸਾਦਿਕ ਗੰਜ,ਬਹਾਵਲਨਗਰ ਬਹਾਵਲਪੁਰ, ਸਾਮਾਸਟਾ ਜਾਂਦੀ ਹੁੰਦੀ ਸੀ |

ਬੰਗਲਾ ਜਿਸਦਾ ਨਾਂ ਅੱਜਕੱਲ੍ਹ ਫਾਜ਼ਿਲਕਾ ਸ਼ਹਿਰ ਆ ਤੋਂ ਅਮਰੂ ਕੇ ਤੱਕ ਤਾਂ 1972 ਤੱਕ ਰੇਲ ਮਾਰਗ ਹੁੰਦਾ ਸੀ |

ਜਿਸ ਜਗ੍ਹਾ ਦੀ ਬਾਬਾ ਗੱਲ ਕਰ ਰਿਹਾ ਸੀ ਉਹਦੇ ਆਸੇ ਪਾਸੇ ਦੇ ਪਿੰਡਾਂ "ਮਧਾਣੀ ਵਾਲਾ,ਚੱਕ ਸੁੱਚਾ ਸਿੰਘ,, ਢਾਬ ਵਾਲਾ, ਸਰਦਾਰਪੁਰਾ, ਭੀਮਪੁਰਾ, ਲਾਲਾ ਅਮਰ ਸਿੰਘ, ਝਾੜੀਵਾਲਾ ਏਹਨਾਂ ਸਾਰੇ ਪਿੰਡਾਂ ਬਾਰੇ ਚੰਗੀ ਤਰ੍ਹਾਂ ਜਾਣਦਾ ਸੀ ਮੈਂ |

ਬਾਬੇ ਦੇ ਦੱਸਣ ਮੁਤਾਬਿਕ ਜੇ ਉਹਨਾਂ ਦੀ ਗੱਡੀ ਬੰਗਲੇ ਮਤਲਬ ਫ਼ਜ਼ਲਿਕਾ ਤੋਂ ਇੱਕ ਦੋ ਸ਼ਟੇਸ਼ਨ ਪਹਿਲਾਂ ਰੁਕੀ ਸੀ ਤਾਂ ਪੱਕਾ ਉਹਨਾਂ ਦੀ ਗੱਡੀ ਸੋਭਾਵਾਲਾ ਜਾਂ ਅਮਰੂਕੇ ਦੇ ਆਸ ਪਾਸ ਰੁਕੀ ਹੋਏਗੀ |

ਫ਼ੇਰ ਕੀ ਹੋਇਆ ਬਾਬਾ ਜੀ... ਮੈ ਬਾਬੇ ਨੂੰ ਫ਼ੇਰ ਪੁੱਛਿਆ??

ਤੂੰ ਕੁੱਛ ਪੁੱਛਣ ਲੱਗਾ ਸੀ ਬੱਚੇ,,,ਫ਼ੇਰ ਪੁੱਛਦਾ ਪੁੱਛਦਾ ਰੁਕ ਗਿਆ, ਕੀ ਹੋਇਆ..? ਬਾਬੇ ਨੇ ਉਲਟਾ

ਮੈਨੂੰ ਹੀ ਸਵਾਲ ਕਰ ਦਿੱਤਾ |

ਕੁੱਝ ਨਹੀਂ ਬਾਬਾ ਜੀ.. ਉਦਾਂ ਹੀ ਕੁੱਝ ਯਾਦ ਆਇਆ ਸੀ ਭੁੱਲ ਗਿਆ ਮੈ ਬਾਬੇ ਤੋਂ ਅੱਗੇ ਜਾਣਨਾ ਚਾਹੁੰਦਾ ਸਾਂ |

ਜਦ ਰੇਲ ਰੁਕੀ,, ਅਚਾਨਕ ਸਰਕੰਡਿਆਂ,ਮਲਿਆਂ, ਪਹਾੜੀ ਕਿੱਕਰਾਂ ਚੋਂ ਬਹੁਤ ਲੋਕ ਨਿਕਲ ਆਏ ਉਹ ਬੋਘੀਆਂ ਚ ਚੜ੍ਹ ਗਏ,, ਉਹਨਾਂ ਦੇ ਹੱਥਾਂ ਚ ਗੰਡਾਸੇ,,ਟਕੂਏ, ਕ੍ਰਿਪਾਨਾਂ,, ਬਰਛੇ,,ਸਨ,, ਐਸਾ ਚੀਖ ਚਿਹਾੜਾ ਪਿਆ,, ਸਾਰੀ ਰੇਲ ਚ ਭਗਦੜ ਮੱਚ ਗਈ |

ਲੋਕ ਰੇਲ ਚੋਂ ਉੱਤਰ ਕੇ ਭੱਜਣੇ ਸ਼ੁਰੂ ਹੋ ਗਏ ਸਨ,, ਬੋਘੀ ਅੰਦਰ ਲਾਸ਼ਾਂ ਹੀ ਲਾਸ਼ਾਂ ਸਨ,, ਫਰਸ਼ ਦੇ ਲਹੂ ਦਾ ਛੱਪੜ,, ਉਹ ਰੇਲ ਦੇ ਜੰਗਲਿਆਂ ਵਿੱਚ ਦੀ (ਖਿੜਕੀਆਂ) ਬਰਛੇ ਅੰਦਰ ਮਾਰ ਰਹੇ ਸਨ ਜੋ ਕਈਆਂ ਦੀਆਂ ਵੱਖੀਆਂ ਪਾੜ ਰਹੇ ਸਨ |

ਬਾਰੀ ਵਿੱਚੋਂ ਉੱਤਰਨ ਵਾਲਿਆਂ ਦੀ ਭੀੜ ਲੱਗੀ ਹੋਈ ਸੀ, ਛੱਤਾਂ ਤੇ ਬੈਠੇ ਲੋਕ ਥੱਲੇ ਛਾਲਾਂ ਮਾਰ ਰਹੇ ਸਨ |
ਕੁੱਝ ਕਹਿ ਰਹੇ ਸੀ ਬੱਸ ਇਥੋਂ ਬੰਗਲਾ ਨੇੜੇ ਹੀ ਮੱਲੋ,,ਵਾਹਨੋ ਵਾਹਨੀ ਹੋਜੇ 5-6 ਮੀਲ ਮਸਾਂ ਹੋਣਾ |

ਸਾਡੀ ਬੋਘੀ ਵਿੱਚ 5-6 ਦਿਓ ਕੱਦ ਬੰਦੇ ਮਾਰੋ ਮਾਰ ਕਰਦੇ ਅੱਗੇ ਵਧ ਰਹੇ ਸਨ ,, ਮਾਰੋ ਸਾਲੇ ਕਾਫ਼ਰਾਂ ਨੂੰ,, ਏਹਨਾਂ ਸਾਡੇ ਮੁਸਲਿਮ ਭਰਾਵਾਂ ਦੀਆਂ ਲਾਸ਼ਾਂ ਦੀ ਗੱਡੀ ਭੇਜੀ ਸੀ,,ਹੁਣ ਏਧਰੋਂ ਇੱਕ ਦੇ ਬਦਲੇ ਦੋ ਗੱਡੀਆਂ ਭਰ ਕੇ ਤੋਰਾਂ ਗੇ,, ਇੱਕ ਵੀ ਜਿਓਂਦਾ ਨਹੀਂ ਜਾਣਾ ਚਾਹੀਦਾ |
ਮੈ ਕਾਹਲੀ ਨਾਲ ਰਬਾਬ ਨੂੰ ਬੋਘੀ ਚੋਂ ਥੱਲੇ ਉਤਾਰ ਦਿੱਤਾ,, ਹਨ੍ਹੇਰਾ ਏਨਾਂ ਸੀ ਕੇ ਹੱਥ ਨੂੰ ਹੱਥ ਨਹੀਂ ਸੀ ਦਿਸਦਾ ਪਰ ਮੈ ਰਬਾਬ ਦਾ ਗੁੱਟ ਘੁੱਟ ਕੇ ਫੜਿਆ ਹੋਇਆ ਸੀ |

ਭੀੜ ਦਾ ਇੱਕ ਐਸਾ ਝਟਕਾ ਵੱਜਿਆ ਜੋ ਰਬਾਬ ਨੂੰ ਪਿੱਛੇ ਨੂੰ ਧੱਕ ਕੇ ਲੈ ਗਈ,, ਉਹਦੀ ਬਾਂਹ ਚ ਪਾਇਆ ਸਗਲਾ ਮੇਰੇ ਹੱਥ ਚ ਰਹਿ ਗਿਆ,, ਗੁੱਡੀ... ਗੁੱਡੀ ਮੈ ਚੀਕ ਮਾਰੀ |
ਪਰ ਉੱਥੇ ਵੱਜ ਰਹੀਆਂ ਹਜ਼ਾਰਾਂ ਚੀਕਾਂ ਚ ਮੇਰੀ ਚੀਕ ਕਿਸ ਨੇ ਸੁਣਨੀ ਸੀ,,ਮੇਰੀ ਅਵਾਜ਼ ਰੋਣ ਚ ਬਦਲ ਗਈ ਸੀ |

ਮੈਂ ਬੋਘੀ ਚੋਂ ਉੱਤਰਨ ਦੀ ਕੋਸ਼ਿਸ ਕਰ ਰਿਹਾ ਪਰ ਭੀੜ ਦੇ ਧੱਕੇ ਮੈਨੂੰ ਉਤਰਨ ਨਹੀਂ ਸੀ ਦੇ ਰਹੇ |

ਮੈਂ ਬੜੀ ਮੁਸ਼ਕਿਲ ਨਾਲ ਥੱਲੇ ਉੱਤਰਿਆ,, ਬਹੁਤੇ ਲੋਕ ਵਾਹਨਾਂ ਵਿੱਚ ਦੀ ਭੱਜ ਰਹੇ ਸਨ,,ਕੋਈ ਕਹਿ ਰਿਹਾ ਸੀ ਬੱਸ ਔਸ ਤਾਰੇ ਦੀ ਸੇਧ ਨੂੰ ਪੁੱਠੇ ਹੱਥ ਨੂੰ ਹੋ ਲੋ..|

ਮੈਂ ਟੇਸ਼ਨ ਤੇ ਰਬਾਬ ਨੂੰ ਲੱਭ ਰਿਹਾ ਸਾਂ,, ਪਰ ਹਨ੍ਹੇਰੇ ਚ ਹੱਥ ਨੂੰ ਹੱਥ ਨਹੀਂ ਸੀ ਦਿਸ ਰਿਹਾ,, ਕਿੰਨੀਆਂ ਲਾਸ਼ਾਂ ਚ ਮੇਰੇ ਪੈਰ ਅੜਕ ਮੈਂ ਡਿੱਗਿਆ ਕੋਈ ਗਿਣਤੀ ਨਹੀਂ |ਓਨੀ ਦੇਰ ਤੱਕ ਚੀਕ ਚਿਹਾੜਾ ਸੁਣ ਨਾਲ ਲੱਗਦੇ ਪਿੰਡ ਸਾਮੂਵਾਲਾ ਦੇ ਲੋਕ ਡਾਂਗਾਂ ਲੈ ਕੇ ਟੇਸ਼ਨ ਤੇ ਆ ਗਏ ਸਨ,, ਜਿਸ ਕਰਕੇ ਉਹ ਧਾੜਵੀ ਭੱਜ ਗਏ |

ਲੀਹ ਤੋਂ ਟਾਹਣੇ ਹਟਾ ਦਿੱਤੇ ਗਏ,,ਉਸ ਤੋਂ ਬਾਅਦ ਰੇਲ ਨੇ ਫ਼ੇਰ ਇੱਕ ਲੰਬੀ ਚੀਕ ਮਾਰੀ,, ਮੈਂ ਟੇਸ਼ਨ ਦੇ ਆਸ ਪਾਸ ਰਬਾਬ ਨੂੰ ਲੱਭ ਰਿਹਾ ਸੀ,,|
ਮੇਰੇ ਕੱਲੇ ਕੋਲੋਂ ਰਬਾਬ ਨਹੀਂ ਸੀ ਵਿੱਛੜੀ ਪਰਿਵਾਰ ਉੱਥੇ ਕਈਆਂ ਦੇ ਵਿੱਛੜ ਗਏ ਸਨ |
ਕਈ ਭੀੜ ਚੋਂ ਕਹਿ ਰਹੇ ਸਨ ਕੇਰਾਂ ਸਾਰੇ ਬੰਗਲੇ ਪਹੁੰਚੋ,, ਜੋ ਵਾਹਨਾਂ ਵਿੱਚ ਦੀ ਗਏ ਆ ਸਾਰੇ ਬੰਗਲੇ ਮਿਲਣ ਗੇ,, ਨਾਲੇ ਕੀ ਪਤਾ ਨ੍ਹੇਰੇ ਚ ਹੋਰ ਬੋਘੀ ਚ ਚੜ੍ਹਗੇ ਹੋਣ |

ਮੈਂ ਗੱਡੀ ਵਿੱਚ ਵਾਪਸ ਚੜ੍ਹ ਗਿਆ,, ਕੁੱਝ ਹੀ ਪਲਾਂ ਚ ਰੇਲ ਬੰਗਲੇ ਪਹੁੰਚ ਗਈ |
ਜ਼ਖਮੀਆਂ ਨੂੰ ਮਲ੍ਹਮ ਪੱਟੀ ਆਸਤੇ ਜੀਪਾਂ ਨੂੰ ਹਸਪਤਾਲ ਲਿਜਾਇਆ ਗਿਆ,, ਦਿਨ ਚੜ੍ਹ ਚੁੱਕਾ ਸੀ |

ਆਸੇ ਪਾਸੇ ਪਿੰਡਾਂ ਦੇ ਲੋਕ ਦਾਲ ਤੇ ਪ੍ਰਸ਼ਾਦੇ ਲੈ ਕੇ ਟੇਸ਼ਨ ਤੇ ਆ ਗਏ ਸਨ,, ਭੁੱਖੇ ਪਿਆਸੇ ਲੋਕ ਪ੍ਰਸ਼ਾਦੇ ਛਕ ਕੇ ਸਤਿਗੁਰ ਦਾ ਸ਼ੁਕਰਾਨਾ ਕਰ ਰਹੇ ਸਨ |
ਮੈਂ ਪ੍ਰਸ਼ਾਦਾ ਛਕ ਇੱਕ ਰੋਟੀ ਰਬਾਬ ਵਾਸਤੇ ਜੇਬ ਵਿੱਚ ਪਾ ਲਈ ਜਿਸ ਵਿੱਚ ਰਬਾਬ ਦਾ ਸਗਲਾ ਪਾਇਆ ਸੀ,, ਮੈਨੂੰ ਸੀ ਹੁਣੇ ਭੀੜ ਨਾਲ ਆਊਗੀ ਉਹਨੂੰ ਭੁੱਖ ਲੱਗੀ ਹੋਊਗੀ |

ਸਵੇਰ ਦੀ ਖੜੀ ਰੇਲ ਨੂੰ ਦੁਪਹਿਰ ਹੋ ਗਈ ਸੀ,, ਕਿਉਂਕਿ ਕਦੇ ਕਿਹਾ ਜਾਂਦਾ ਸੀ ਇਹਨਾਂ ਨੂੰ ਫਿਰੋਜ਼ਪੁਰ ਕੈਂਪ ਭੇਜਿਆ ਜਾਣਾ,, ਦੂਜੇ ਪਲ ਹੀ ਇਹ ਸੁਣਨ ਨੂੰ ਮਿਲਦਾ, ਨਹੀਂ ਨਹੀਂ ਇਹਨਾਂ ਨੂੰ ਦਿੱਲੀ ਦੇ ਪੁਰਾਣੇ ਕਿਲ੍ਹੇ ਵਾਲੇ ਕੈਂਪ ਭੇਜਿਆ ਜਾਣਾ ਕਿਉਂਕਿ ਏਹਨਾਂ ਚ ਬਹੁਤੇ ਲੋਕ ਸਿੰਧੀ ਆ |

ਲੋਕ ਬੈਠੇ ਉਹਨਾਂ ਨੂੰ ਉਡੀਕ ਰਹੇ ਸਨ ਜੋ ਉੱਥੋਂ ਪੈਲੀਆਂ ਵਿੱਚ ਦੀ ਤੁਰਕੇ ਭੱਜੇ ਸਨ,,|

ਹੌਲੀ ਹੌਲੀ ਉਹ ਲੋਕ ਅਪੜਨੇ ਸ਼ੁਰੂ ਹੋ ਗਏ ਸਨ,, ਦੱਸ ਰਹੇ ਸਨ ਰਾਹ ਚ ਫ਼ੇਰ ਉਹਨਾਂ ਤੋਂ ਸਮਾਨ ਖੋਹ

ਲਿਆ ਸੀ ਜਵਾਨ ਕੁੜੀਆਂ ਨੂੰ ਵੀ ਚੱਕ ਕੇ ਲੈ ਗਏ ਸਨ |

ਉਹ ਟੋਲੀਆਂ ਚ ਪਹੁੰਚ ਰਹੇ ਸਨ, ਕਦੇ 10 ਕੁ ਜਾਣੇ,, ਕਦੇ 7 ਕੁ ਆ ਜਾਂਦੇ,,ਮੈਂ ਸਭ ਤੋਂ ਰਬਾਬ ਦੇ ਬਾਰੇ ਚ ਪੁੱਛ ਰਿਹਾ ਸੀ..

ਬਾਪੂ ਇੱਕ ਗੁੱਡੀ ਤਾਂ ਨਹੀਂ ਆਈ ਥੋਡੇ ਨਾਲ ਚਾਰ ਕੁ ਵਰ੍ਹਿਆਂ ਦੀ ਆ |
ਬਾਈ ਕੋਈ ਕੁੜੀ ਰਾਹ ਚ ਮਿਲੀ ਹੋਵੇ ਚਾਰ ਕੁ ਵਰ੍ਹਿਆਂ ਦੀ |
ਸਭ ਦੀ ਬੁੱਲ੍ਹਾਂ ਦੀ ਚੁੱਪ ਹੀ ਮੈਨੂੰ ਮੇਰਾ ਜਵਾਬ ਦੇ ਰਹੀ ਸੀ,,ਬਾਅਦ ਦੁਪਹਿਰ ਜਾ ਕੇ ਦਿੱਲੀਓ ਤਾਰ ਖੜਕ ਗਈ ਕੇ ਇਹ ਰੇਲ ਦਿੱਲੀ ਜਾਉਗੀ ਕਿਉਂਕਿ ਉੱਥੇ ਫਸੇ ਮੁਸਲਮਾਨਾਂ ਨੂੰ ਇਸ ਰਾਹੀਂ ਪਾਕਿਸਤਾਨ ਭੇਜਿਆ ਜਾਣਾ |

ਮੈਂ ਟੇਸ਼ਨ ਤੇ ਦੂਰ ਤੱਕ ਤੁਰ ਕੇ ਰਬਾਬ ਨੂੰ ਲੱਭਿਆ,, ਪਰ ਉਹ ਕਿਤੇ ਵੀ ਨਹੀਂ ਸੀ ਮਿਲੀ |

ਰੇਲ ਬੰਗਲੇ ਤੋਂ ਤੁਰ ਪਈ,, ਲੋਕ ਬਾਰੀਆਂ ਵਿੱਚ ਦੀ ਬਾਹਰ ਦੇਖ ਰਹੇ ਸਨ ਕੇ ਹਿੰਦੋਸਤਾਨ ਕਿੱਦਾਂ ਦਾ ਦੇਸ਼ ਆ ਕਿਦਾਂ ਦੇ ਲੋਕ ਹੋਣ ਗੇ,, ਪਰ ਸਾਰਾ ਕੁੱਝ ਤਾਂ ਉਦਾਂ ਹੀ ਸੀ ਜਿੱਦਾਂ ਦਾ ਪਿੱਛੇ ਛੱਡ ਕੇ ਆਏ ਸੀ |

ਅਗਲੀ ਸਵੇਰ ਅਸੀਂ ਸਾਰੇ ਦਿੱਲੀ ਦੇ ਪੁਰਾਣੇ ਕਿਲ੍ਹੇ ਚ ਸੀ,,ਉਸੇ ਦਿੱਲੀ ਵਿੱਚ ਜਿੱਥੇ ਦੋ ਹਫ਼ਤੇ ਪਹਿਲਾਂ ਲਾਲ ਕਿਲ੍ਹੇ ਤੇ ਝੰਡਾ ਲਹਿਰਾ ਕੇ ਆਜ਼ਾਦੀ ਦੀ ਖੁਸ਼ੀ ਮਨਾਈ ਗਈ ਸੀ ਅਸੀਂ ਉਸੇ ਦਿੱਲੀ ਚ ਪਰਿਵਾਰ ਗਵਾ ਕੇ ਭੁੱਖੇ ਪਿਆਸੇ ਬੈਠੇ ਸਾਂ |

ਮੈਂ ਤਾਂ ਇੱਕ ਰਬਾਬ ਗਵਾ ਕੇ ਆਇਆ ਸੀ, ਪਰ ਉਥੇ ਤਾਂ ਲੋਕ ਲੱਖਾਂ ਰਬਾਬ ਗੁਵਾ ਕੇ ਬੈਠੇ ਸਨ,, ਕਈ ਰਬਾਬ ਵਰਗੀਆਂ ਪਾਗਲ ਹੋ ਚੁੱਕੀਆਂ ਸਨ |
ਇੱਕ ਇੱਕ ਕਰਕੇ ਸਭ ਨੂੰ ਕੁੱਝ ਨਾ ਕੁੱਝ ਅਲਾਟ ਹੁੰਦਾ ਰਿਹਾ |

ਇੱਕ ਦਿਨ ਉੱਥੇ ਲਿਖ਼ਤ ਪੜਤ ਕਰਨ ਆਏ ਸਾਹਬ ਨੇ ਮੈਨੂੰ ਪੁੱਛਿਆ!!

ਹਾਂ.. ਕਾਕਾ ਤੇਰਾ ਕੀ ਕੀ ਗਵਾਚਿਆ,,??

ਜੀ ਮੇਰੀ ਰਬਾਬ ਰਹਿਗੀ ਆ ਉਧਰ ਉਹ ਲਿਆ ਦਿਓ |

ਕੱਲੀ ਰਬਾਬ ਹੀ ਰਹੀ ਆ ਹੋਰ ਕੁੱਝ ਤਾਂ ਨਹੀਂ ਰਹਿ ਗਿਆ??

ਹਾਂਜੀ ਕੱਲੀ ਰਬਾਬ ਹੀ ਲੱਭ ਦਿਓ ਹੋਰ ਕੁੱਝ ਨਹੀਂ ਚਾਹੀਦਾ,,ਕਦੋ ਤੱਕ ਲੱਭ ਦਿਓ ਗੇ ਸਾਹਬ ਜੀ ?

ਜਦ ਲੱਭੀ ਤੈਨੂੰ ਦੱਸ ਦੇਵਾਂ ਗੇ... ਏਨਾਂ ਆਖ ਉਹ ਅਫ਼ਸਰ ਚਲਾ ਗਿਆ |

ਫ਼ੇਰ ਕਦੇ ਦੁਬਾਰਾ ਉਹਨੇ ਮੈਨੂੰ ਅਵਾਜ਼ ਨਾ ਮਾਰੀ ਕਿਉਂਕਿ ਉੱਥੇ ਲੱਖਾਂ ਪੀੜਤ ਬੈਠੇ ਸਨ |

ਮੈਨੂੰ ਕੈਂਪ ਚ ਇੱਕ ਗਿਆਨੀ ਜੀ ਮਿਲੇ ਜੋ ਸਾਰਾ ਪਰਿਵਾਰ ਗਵਾ ਕੇ ਕੱਲੇ ਹੀ ਏਥੇ ਪਹੁੰਚੇ ਸਨ,, ਉਹ ਬੋਲੇ ਪੁੱਤ ਮੇਰੇ ਨਾਲ ਚੱਲ ਅੰਮ੍ਰਿਤਸਰ ਮੈਂ ਤੈਨੂੰ ਰਬਾਬ ਦੇ ਦੂ |

ਉਹ ਮੈਨੂੰ ਅੰਮ੍ਰਿਤਸਰ ਲੈ ਆਏ ਤੇ ਮੈਨੂੰ ਇਹ ਵਾਲੀ ਰਬਾਬ ਲੈ ਦਿੱਤੀ, ਬਾਬੇ ਨੇ ਕੋਲ ਕੰਧ ਨਾਲ ਖੜੀ ਕੀਤੀ ਰਬਾਬ ਵੱਲ ਇਸ਼ਾਰਾ ਕੀਤਾ |

ਮੈਂ ਰਬਾਬ ਨੂੰ ਪਿੰਡ ਪਿੰਡ ਲੱਭਿਆ ਪਰ ਉਹ ਨਹੀਂ ਮਿਲੀ...|

ਦੇਖੀਂ ਫ਼ੂਨ ਚ ਰਬਾਬ ਦੀ ਕੋਈ ਖ਼ਬਰ ਆਈ ਜਵਾਨਾ ??

ਬਾਬੇ ਨੇ ਮੈਨੂੰ ਬਾਂਹ ਤੋਂ ਫੜ ਝੰਜੋੜਿਆ...||

ਕੋਈ ਨਾ ਬਾਬਾ ਜੀ ਜਦ ਕੋਈ ਖ਼ਬਰ ਮਿਲੀ ਮੈਂ ਤੁਹਾਨੂੰ ਦੱਸ ਦੇਉਗਾਂ |

ਚੰਗਾ ਜਵਾਨਾਂ ਮੈਂ ਫ਼ੇਰ ਗੇੜਾ ਮਾਰੂ,, ਬਾਬੇ ਨੇ ਸਗਲਾ ਫ਼ੇਰ ਪੋਟਲੀ ਚ ਪਾ ਕੇ ਅਖ਼ਬਾਰ ਚ ਲਪੇਟ ਕੇ ਗੀਝੇ ਚ ਪਾ ਲਿਆ |

ਉਹ ਰਬਾਬ ਮੋਢੇ ਟੰਗਦਾ ਸੋਟੀ ਦਾ ਸਹਾਰਾ ਲੈਂਦਾ ਉੱਠਿਆ ਤੇ ਮੇਰੇ ਕੰਨ ਕੋਲ ਹੌਲੀ ਜਹੇ ਬੋਲਿਆ.... ਐਵੇਂ ਮਨ ਨੂੰ ਤਸੱਲੀ ਜਹੀ ਦਿੰਨਾ ਰਹਿਨਾ ਮੈਂ ਤਾਂ,,, ਪਤਾ ਮੈਨੂੰ ਵੀ ਆ ਕੇ ਰਬਾਬ ਨਹੀਂ ਮਿਲਣੀ ਹੁਣ ||

ਇੱਕ ਕੰਮ ਕਰੀਂ ਜਦੋਂ ਰੱਬ ਨੇ ਤੈਨੂੰ ਇੱਕ ਧੀ ਦਿੱਤੀ ਤੂੰ ਉਹਦਾ ਨਾਂ ਰਬਾਬ ਰੱਖੀਂ...|

ਏਨਾਂ ਆਖ ਕੇ ਉਹ ਤੁਰਦਾ ਤੁਰਦਾ ਗਲੀ ਦਾ ਮੋੜ ਮੁੜ ਗਿਆ |

*ਸਮਾਪਤ*


To read more Novels & Books written by
Beant Bariwala
visit
www.PunjabiLibrary.com

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com


ਹਾੜਾ ਕਰੋ ਨਾ ਫ਼ੇਰ ਤੋਂ
ਦੇਸ਼ ਨੂੰ ਵੰਡਣ ਦੀਆਂ
ਗੱਲਾਂ,,
ਹਲੇ ਸਾਨੂੰ ਸੰਤਾਲੀ ਚ
ਵਿੱਛੜਿਆਂ ਦੇ ਚਿਹਰੇ
ਨਹੀਂ ਭੁੱਲੇ...